Recent admission trends indicate that this issue deserves serious attention. In Gujarat, approximately 70 MBBS seats in private medical colleges reportedly remained vacant even after four regular counselling rounds and an additional vacant-seat admission round. Another special admission round is now being initiated to fill these seats. Some private medical colleges in Rajasthan are reportedly offering fee concessions of up to 60 per cent, while discounts of around 30 per cent are also being discussed in Gujarat. Despite these concessions, filling all the available seats remains difficult. This reflects changing economic realities in medical education.

Why Are Seats in Private Medical Colleges Remaining Vacant?

One of the biggest reasons is the extremely high cost of medical education. Completing an MBBS course at a private medical college can cost a family several crores of rupees in some cases. Apart from tuition fees, families must also bear expenses related to accommodation, food, books and other academic requirements. Some institutions may also have additional charges.

For an ordinary middle-class family, arranging such a large amount is extremely difficult. Many parents consider using their lifetime savings, selling property or even agricultural land to fulfil their children's dream of becoming doctors. However, an important question remains: How will families recover such a huge financial investment in the future?

An MBBS degree is not necessarily the final stage of a medical career. Students aspiring to become specialists often need to pursue postgraduate education, such as MD or MS, which involves additional competition, time and expenses. At the same time, uncertainty about initial employment, salaries and career opportunities after MBBS creates further concerns among students and parents.

Is Medical Education Following the Path of Engineering Colleges?

A few years ago, engineering education enjoyed enormous popularity among young people. Private engineering colleges expanded rapidly, and thousands of seats were added. However, over time, many institutions began struggling to attract students. Some colleges had to close, while others reduced or restricted their academic activities. One of the reasons was the imbalance between market requirements and the growing number of graduates. Despite obtaining engineering degrees, many students could not find employment opportunities matching their qualifications.

The situation in medical education is somewhat different because society continues to need doctors. Rural and remote areas of India still face shortages of qualified medical professionals. Nevertheless, simply increasing the number of medical seats is not enough. The cost of education, academic standards, hospital-based training and employment opportunities must receive equal attention.

The Financial Challenge for Middle-Class Families

Families seeking admission to private medical colleges come from different economic backgrounds. Some are financially well-off, while others have parents who are already doctors and own hospitals or medical establishments. For such families, bringing the next generation into the medical profession may be relatively easier.

However, for an ordinary middle-class family, spending crores of rupees on an MBBS degree is a major financial risk. If students fail to secure suitable career opportunities despite such a huge investment, families may face financial pressure for many years.

Therefore, parents are no longer considering admission to a medical college as an achievement in itself. They are carefully evaluating tuition fees, educational standards, hospital training, future career prospects and the actual value of their investment.

Dr. Vijay Garg
Retired Principal | Eminent Scientist | Educational Columnist
Street Kaur Chand, MHR Malout, Punjab – 152107

Quality of Medical Education Is the Most Important Concern

Private medical colleges face not only the challenge of filling seats but also the responsibility of providing quality education.

Recently, an acquaintance who completed an MBBS degree from a government medical college this year shared concerns that students in some private medical colleges may not receive adequate practical medical knowledge and sufficient experience in hospital settings. Although this observation cannot be generalised to all private medical colleges, such concerns deserve impartial investigation.

Medical education cannot be limited to reading textbooks and passing examinations. A competent doctor must know how to examine patients, identify diseases, prescribe appropriate treatment and make sound decisions during medical emergencies.

For this purpose, medical colleges need hospitals with adequate patient flow, experienced faculty, modern laboratories, essential medical equipment and regular clinical training. The quality of a medical college should not be judged merely by its buildings and advertised facilities, but by the actual training and clinical exposure provided to its students.

Expansion of Facilities Must Accompany an Increase in Seats

Discussions about increasing approximately 12,500 MBBS seats in Madhya Pradesh next year also highlight important questions about the expansion of medical education. If the number of medical seats increases rapidly, it must be ensured that hospitals, patient availability, qualified teachers, laboratories and clinical training facilities expand at a similar pace.

Opening more colleges and increasing the number of seats alone cannot produce competent doctors. A strong academic system, adequate infrastructure and responsible institutional management are equally essential.

Important Questions That Need Serious Consideration

1. Is spending crores of rupees on an MBBS degree from a private medical college financially sensible for an ordinary middle-class family?
2. Are all private medical colleges providing adequate practical training and hospital exposure to their students?
3. Are MBBS graduates getting employment opportunities that match their qualifications?
4. Is sufficient attention being given to educational quality and basic infrastructure before increasing medical seats?
5. Should private medical education be so expensive that deserving students lose the opportunity to become doctors simply because of financial limitations?

Responsibility of the Government and Regulatory Authorities

The government must focus not only on expanding medical education but also on ensuring its quality and affordability. Fee structures in private medical colleges should be transparent. Regular monitoring should be conducted to assess patient availability in attached hospitals, faculty appointments, clinical training and academic outcomes.

Scholarships, educational loans and other financial assistance programmes should also be made more effective for deserving students from economically weaker backgrounds.

The purpose of medical education should not merely be to make institutions financially successful. Its primary objective must be to provide society with competent, compassionate and skilled doctors.

Conclusion

The future of private medical colleges will not be determined simply by the number of MBBS seats they offer. It will depend on the quality of education they provide, the affordability of their fee structures and the career opportunities available to their graduates.

Medical education needs to learn important lessons from the experience of private engineering colleges. A balance must be maintained between demand, educational quality, fees and employment opportunities. In the coming years, parents are unlikely to spend crores of rupees without carefully examining the financial and academic implications.

After all, producing a competent doctor and merely awarding an MBBS degree are two entirely different things. The real objective of medical education should not be to increase the number of degree holders, but to prepare skilled and responsible doctors.

The biggest question facing private medical colleges today is whether they will continue to treat education primarily as an expensive business or develop into responsible institutions committed to providing quality medical education and healthcare services.

ਵਿਸ਼ੇਸ਼ ਗੁਲਾਂ ਦੀਆਂ ਧਾਰਨੀ ਹੁੰਦੀਆਂ ਹਨ ਔਰਤਾਂ



ਪੜ੍ਹਾਈ ਵਿਚ ਬਿਹਤਰ

ਅੱਜ-ਕੱਲ੍ਹ ਹਰ ਕਿਸਮ ਦੀ ਪੜ੍ਹਾਈ ਵਿਚ ਲੜਕੀਆਂ ਬਾਜ਼ੀ ਮਾਰ ਰਹੀਆਂ ਹਨ। ਪੜ੍ਹਾਈ ਦੇ ਨਤੀਜਿਆਂ ਦੇ ਅੰਕੜੇ ਇਹ ਦਰਸਾਉਂਦੇ ਹਨ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨਾ ਸਿਰਫ਼ ਜ਼ਿਆਦਾ ਤੇਜ਼ ਹਨ, ਸਗੋਂ ਪੜ੍ਹਾਈ ਵਿਚ ਵੱਧ ਗੰਭੀਰ ਅਤੇ ਸਫਲ ਹਨ। ਸਕੂਲਾਂ ਅਤੇ ਕਾਲਜਾਂ ਵਿਚ ਵੇਖਣ ਨੂੰ ਮਿਲਦਾ ਹੈ ਕਿ ਲੜਕੀਆਂ ਤਾਂ ਸਾਰਾ ਸਾਲ ਮਿਹਨਤ ਨਾਲ ਰੋਜ਼ਾਨਾ ਪੜ੍ਹਾਈ ਕਰਦੀਆਂ ਹਨ ਪਰ ਲੜਕੇ ਪੜ੍ਹਾਈ ਪ੍ਰਤੀ ਜ਼ਿਆਦਾ ਗੰਭੀਰਤਾ ਨਹੀਂ ਰੱਖਦੇ ਤੇ ਬਹੁਤੀ ਮਿਹਨਤ ਨਾ ਕਰ ਕੇ ਇਮਤਿਹਾਨਾਂ ਤੋਂ ਸਿਰਫ਼ ਕੁਝ ਸਮਾਂ ਪਹਿਲਾਂ ਹੀ ਪੜ੍ਹਨ 'ਚ ਯਕੀਨ ਰੱਖਦੇਹਨ।

ਸਮਾਂ ਬਦਲ ਰਿਹਾ ਹੈ, ਔਰਤਾਂ ਹਰੇਕ ਖੇਤਰ ਵਿਚ ਮਰਦਾਂ ਵਾਂਗ ਸ਼ਲਾਘਾਯੋਗ ਯੋਗਦਾਨ ਦੇ ਰਹੀਆਂ ਹਨ। ਸਿੱਖਿਆ, ਵਿਗਿਆਨ, ਡਾਕਟਰੀ, ਸਮਾਜ-ਸੇਵਾ, ਪ੍ਰਸ਼ਾਸਨ ਅਤੇ ਰਾਜਨੀਤੀ ਆਦਿ ਕੋਈ ਵੀ ਖੇਤਰ ਹੋਵੇ, ਅੱਜ-ਕੱਲ੍ਹ ਔਰਤਾਂ ਮਰਦਾਂ ਦੀ ਬਰਾਬਰੀ ਦੀ ਨਹੀਂ, ਸਗੋਂ ਉਨ੍ਹਾਂ ਤੋਂ ਮੋਹਰੀ ਭੂਮਿਕਾ ਅਦਾ ਕਰ ਰਹੀਆਂ ਹਨ। ਮਰਦ ਅਤੇ ਔਰਤ ਉਂਜ ਤਾਂ ਦੋਵੇਂ ਹੀ ਸਮਾਜ ਰੂਪੀ ਵਾਹਨ ਦੇ ਦੋ ਪਹਿਏ ਹਨ ਪਰ ਔਰਤਾਂ ਸਮਾਜ ਦੇ ਹਰ ਖੇਤਰ ਵਿਚ ਮਹੱਤਵਪੂਰਨ ਉਪਲਬਧੀਆਂ ਕਰ ਰਹੀਆਂ ਹਨ। ਵੈਸੇ ਤਾਂ ਪਹਿਲਾਂ ਵੀ ਅਜਿਹੀਆਂ ਔਰਤਾਂ ਰਹੀਆਂ ਹਨ ਜਿਨ੍ਹਾਂ ਦੀਆਂ ਉਪਲਬਧੀਆਂ ਵਿਸ਼ੇਸ਼ ਸਨ। ਇਤਿਹਾਸ ਵਿਚ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਇੰਦਰਾ ਗਾਂਧੀ ਅਤੇ ਕਿਰਨ ਬੇਦੀ ਆਦਿ ਉਨ੍ਹਾਂ ਔਰਤਾਂ ਦੇ ਨਾਂ ਹਨ, ਜਿਨ੍ਹਾਂ ਨੇ ਆਪਣੀਆਂ ਵਿਲੱਖਣ ਸ਼ਾਨਦਾਰ ਕਾਰਗੁਜ਼ਾਰੀਆਂ ਨਾਲ ਆਪਣੇ ਦੇਸ਼ ਤੇ ਸਮਾਜ ਦਾ ਸਿਰ ਸ਼ਾਨ ਨਾਲ ਉੱਚਾ ਚੁੱਕਿਆ। ਅੱਜ-ਕੱਲ੍ਹ ਦੀਆਂ ਔਰਤਾਂ ਪੁਰਸ਼ਾਂ ਦੇ ਸਹਿਯੋਗ ਤੋਂ ਬਗ਼ੈਰ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸਿਰਜ ਰਹੀਆਂ ਹਨ। ਉਂਜ ਤਾਂ ਔਰਤ ਅਤੇ ਪੁਰਸ਼ ਦੋਵਾਂ ਨੂੰ ਕੁਦਰਤ ਨੇ ਆਪਣੇ ਆਪ ਵਿਚ ਖ਼ਾਸ ਬਣਾਇਆ ਹੈ ਪਰ ਫਿਰ ਵੀ ਔਰਤਾਂ ਵਿਚ ਕੁਝ ਅਜਿਹੀਆਂ ਵਿਸ਼ੇਸ਼ ਖ਼ੂਬੀਆਂ ਹਨ ਜੋ ਪੁਰਸ਼ਾਂ ਵਿਚ ਨਹੀਂ। ਹੈ ਨਾ ਬੜੀ ਰੋਚਕ ਜਿਹੀ ਗੱਲ ? ਆਉ ਜਾਣੀਏ ਕਿ ਔਰਤਾਂ ਦੇ ਅਜਿਹੇ ਕਿਹੜੇ ਖ਼ਾਸ ਗੁਣ ਹਨ, ਜੋ ਉਨ੍ਹਾਂ ਨੂੰ ਖ਼ੁਦ ਨੂੰ ਵੀ ਪੁਰਸ਼ਾਂ ਨਾਲੋਂ ਬਿਹਤਰ ਬਣਾਉਂਦੇ ਹਨ।

ਰਿਸ਼ਤਿਆਂ ਨੂੰ ਸੰਭਾਲਣ ਦੀ ਕਲਾ

ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਔਰਤਾਂ ਨੂੰ ਕੁਦਰਤ ਨੇ ਰਿਸ਼ਤਿਆਂ ਅਤੇ ਸਬੰਧਾਂ ਨੂੰ ਸੰਭਾਲਣ ਦੀ ਸਮਰੱਥਾ ਪੁਰਸ਼ਾਂ ਨਾਲੋਂ ਕਿਤੇ ਵਧੀਆ ਤੇ ਸੁਚੱਜੇ ਢੰਗ ਨਾਲ ਸੰਭਾਲ ਕੇ ਰੱਖਣ ਦੀ ਕਲਾ ਬਖਸ਼ੀ ਹੈ। ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਪੁਰਸ਼ ਰਿਸ਼ਤਿਆਂ ਨੂੰ ਇੰਨੀ ਜ਼ਿਆਦਾ ਮਹੱਤਤਾ ਨਹੀਂ ਦਿੰਦੇ, ਜਿੰਨੀ ਕਿ ਔਰਤਾਂ। ਔਰਤਾਂ ਇੱਕੋ ਸਮੇਂ ਸਹੁਰਾ ਪਰਿਵਾਰ ਤੇ ਰਿਸ਼ਤੇਦਾਰਾਂ, ਆਪਣੇ ਪੇਕੇ ਪਰਿਵਾਰ, ਇੱਥੋਂ ਤਕ ਕਿ ਆਪਣੇ ਦੋਸਤਾਂ ਤਕ ਨਾਲ ਰਿਸ਼ਤੇ ਵਧੀਆ ਢੰਗ ਨਾਲ ਬਰਕਰਾਰ ਰੱਖਦੀਆਂ ਹਨ ਪਰ ਪੁਰਸ਼ ਇਨ੍ਹਾਂ ਰਿਸ਼ਤਿਆਂ ਅਤੇ ਸੰਬੰਧਾਂ ਨੂੰ ਔਰਤਾਂ ਜਿੰਨੀ ਤਰਜੀਹ ਨਹੀਂ ਦਿੰਦੇ।

ਪਰਿਵਾਰ ਪ੍ਰਤੀ ਜ਼ਿੰਮੇਵਾਰੀ

ਪੁਰਸ਼ਾਂ ਨਾਲੋਂ ਔਰਤਾਂ ਆਪਣੇ ਪਰਿਵਾਰ ਪ੍ਰਤੀ ਕਿਤੇ ਜ਼ਿਆਦਾ ਜ਼ਿੰਮੇਵਾਰ ਹੁੰਦੀਆਂ ਹਨ। ਅਕਸਰ ਵੇਖਣ ਨੂੰ ਮਿਲਦਾ ਹੈ ਕਿ ਔਰਤਾਂ ਆਪਣੇ ਦੁੱਖਤਕਲੀਫ਼ ਦੀ ਪਰਵਾਹ ਕਰੇ ਬਗ਼ੈਰ ਪਹਿਲਾਂ ਆਪਣੇ ਬੱਚਿਆਂ ਅਤੇ ਪਰਿਵਾਰ ਦੀ ਜ਼ਰੂਰਤ ਨੂੰ ਮੁੱਖ ਰੱਖਦੀਆਂ ਹਨ। ਪਰਿਵਾਰ ਦੀ ਹਰੇਕ ਜ਼ਰੂਰਤ ਨੂੰ ਪੂਰਾ ਕਰਨ ਲਈ ਔਰਤਾਂ ਪੂਰੀ ਤਰ੍ਹਾਂ ਤਨਦੇਹੀ ਨਾਲ ਕੰਮ ਕਰਦੀਆਂ ਹਨ ਅਤੇ ਭਾਵਨਾਤਮਕ ਪੱਖੋਂ ਵੀ ਪਰਿਵਾਰ ਪ੍ਰਤੀ ਸੰਵੇਦਨਸ਼ੀਲਤਾ ਰੱਖਦੀਆਂ ਹਨ, ਜਦੋਂ ਕਿ ਪੁਰਸ਼ ਔਰਤਾਂ ਦੀ ਤੁਲਨਾ ਵਿਚ ਪਰਿਵਾਰ ਪ੍ਰਤੀ ਘੱਟ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਪੁਰਸ਼ਾਂ ਦੀ ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਅਹਿਮ ਭੂਮਿਕਾ ਹੁੰਦੀ ਹੈ ਪਰ ਭਾਵਨਾਤਮਕ ਪੱਖੋਂ ਪਰਿਵਾਰ ਪ੍ਰਤੀ ਉਹ ਔਰਤਾਂ ਜਿੰਨੇ ਜ਼ਿੰਮੇਵਾਰ ਨਹੀਂ ਹੁੰਦੇ।

ਚੀਜ਼ਾਂ ਦੀ ਸਾਂਭ-ਸੰਭਾਲ

ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇ ਘਰਾਂ ਵਿਚ ਕੋਈ ਵੀ ਚੀਜ਼ ਗੁੰਮ ਹੋ ਜਾਵੇ ਤਾਂ ਉਹ ਚੀਜ਼ ਘਰ ਵਿੱਚੋਂ ਔਰਤ ਹੀ ਲੱਭ ਕੇ ਦੇ ਸਕਦੀ ਹੈ। ਪੁਰਸ਼ ਅਕਸਰ ਆਪਣੀਆਂ ਰੱਖੀਆਂ ਚੀਜ਼ਾਂ ਵੀ ਲੋੜ ਪੈਣ 'ਤੇ ਲੱਭ ਨਹੀਂ ਪਾਉਂਦੇ ਪਰ ਔਰਤਾਂ ਨਾ ਸਿਰਫ਼ ਆਪਣੀਆਂ ਚੀਜ਼ਾਂ ਸੁਚੱਜੇ ਢੰਗ ਨਾਲ ਰੱਖਦੀਆਂ ਹਨ ਸਗੋਂ ਘਰ ਵਿਚ ਪੁਰਸ਼ ਅਤੇ ਬੱਚਿਆਂ ਦੀਆਂ ਚੀਜ਼ਾਂ ਜਿਵੇਂ ਕਿ ਬੂਟ, ਕਿਤਾਬਾਂ, ਗੁੰਮ ਹੋਈਆਂ ਚਾਬੀਆਂ ਅਤੇ ਜ਼ਮੀਨ ਜਾਇਦਾਦ ਦੇ ਜ਼ਰੂਰੀ ਕਾਗ਼ਜ਼ ਆਦਿ ਲੱਭ ਕੇ ਦੇਣ ਵਿਚ ਵੀ ਮਾਹਰ ਹੁੰਦੀਆਂ ਹਨ।

ਸੁਚੱਜੇ ਢੰਗ ਨਾਲ ਕੰਮ ਕਰਨ ਦੀਆਂ ਸ਼ੌਕੀਨ

ਔਰਤਾਂ ਪੁਰਸ਼ਾਂ ਦੇ ਉਲਟ ਹਰ ਕੰਮ ਸਾਫ਼-ਸੁਥਰੇ ਅਤੇ ਸੁਚੱਜੇ ਢੰਗ ਨਾਲ ਕਰਦੀਆਂ ਹਨ। ਪੁਰਸ਼ ਘਰ ਵਿਚ ਗ਼ੰਦੀਆਂ ਚੀਜ਼ਾਂ ਅਤੇ ਮੈਲੇ ਕੱਪੜਿਆਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਔਰਤਾਂ ਇਨ੍ਹਾਂ ਸਾਰੇ ਕੰਮਾਂ ਦਾ ਬਹੁਤ ਖ਼ੂਬਸੂਰਤੀ ਨਾਲ ਧਿਆਨ ਰੱਖਦੀਆਂ ਹਨ। ਉਹ ਇਸ ਗੱਲ ਦਾ ਪੂਰਾ ਖ਼ਿਆਲ ਰੱਖਦੀਆਂ ਹਨ ਕਿ ਘਰ ਦੀ ਹਰੇਕ ਚੀਜ਼ ਸਹੀ ਜਗ੍ਹਾ 'ਤੇ ਰੱਖੀ ਜਾਵੇ। ਬੈੱਡ 'ਤੇ ਕਿਹੜੇ ਰੰਗ ਦੀ ਚਾਦਰ ਵਿਛਾਈ ਜ਼ਿਆਦਾ ਸੋਹਣੀ ਲੱਗੇਗੀ, ਕਿਹੜੇ ਡਿਜਾਇਨ ਦੇ ਪਰਦੇ ਘਰ ਵਿਚ ਵਧੀਆ ਲੱਗਣਗੇ ਅਤੇ ਇਸ ਤਰ੍ਹਾਂ ਦੀਆਂ ਹੋਰ ਵੀ ਸਜਾਵਟ ਦੀਆਂ ਚੀਜ਼ਾਂ ਦਾ ਧਿਆਨ ਰੱਖਣ ਲਈ ਔਰਤਾਂ ਪੁਰਸ਼ਾਂ ਨਾਲੋਂ ਵੱਧ ਮਾਹਿਰ ਹੁੰਦੀਆਂ ਹਨ।

ਪੈਸਾ ਜੋੜਣ ਵਿਚ ਮਾਹਰ

ਅਜਿਹਾ ਅਕਸਰ ਵੇਖਣ ਵਿਚ ਆਇਆ ਹੈ ਕਿ ਪੁਰਸ਼ ਪੈਸਾ ਕਮਾਉਣ ਵਿਚ ਤਾਂ ਮਾਹਰ ਹੁੰਦੇ ਹਨ ਪਰ ਪੈਸਾ ਜੋੜਣ ਵਿਚ ਨਹੀਂ। ਔਰਤਾਂ ਨੂੰ ਘਰ ਦਾ ਖ਼ਰਚਾ ਚਲਾਉਣ ਲਈ ਭਾਵੇਂ ਥੋੜ੍ਹਾ ਜਿਹਾ ਪੈਸਾ ਹੀ ਮਿਲੇ, ਉਹ ਉਸ ਪੈਸੇ ਵਿੱਚੋਂ ਵੀ ਆਪਣੀ ਸਮਝਦਾਰੀ ਨਾਲ ਥੋੜ੍ਹੇ-ਥੋੜ੍ਹੇ ਪੈਸੇ ਬਚਾਉਂਦੇ ਇਕ ਚੰਗੀ ਰਕਮ ਜੋੜ ਲੈਂਦੀਆਂ ਹਨ। ਇਸੇ ਤਰ੍ਹਾਂ ਨੌਕਰੀ ਪੇਸ਼ਾ ਔਰਤਾਂ ਜੋ ਭਾਵੇਂ ਘੱਟ ਤਨਖਾਹ ਵਿਚ ਨੌਕਰੀ ਕਰਨ ਵਾਲੀਆਂ ਹੀ ਹੋਣ, ਫਿਰ ਵੀ ਛੋਟੀਆਂ ਬੱਚਤਾਂ ਨਾਲ ਪੈਸਾ ਜੋੜਣ ਵਿਚ ਮਾਹਰ ਹੁੰਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਗੁਣੀ ਸਮਝਣ ਵਾਲਿਆਂ ਲਈ ਸ਼ਾਇਦ ਇਹ ਹੈਰਾਨੀ ਵਾਲੀ ਗੱਲ ਹੋਵੇ ਪਰ ਹੈ ਇਕ ਸੱਚਾਈ ਕਿ ਔਰਤਾਂ ਗੁਣੀ ਤਾਂ ਹੁੰਦੀਆਂ ਹੀ ਹਨ ਸਗੋਂ ਉਨ੍ਹਾਂ ਵਿਚ ਅਜਿਹੇ ਕੁਝ ਵਿਸ਼ੇਸ਼ ਗੁਣ ਵੀ ਹੁੰਦੇ ਹਨ ਜੋ ਪੁਰਸ਼ਾਂ ਵਿਚ ਨਹੀਂ ਹੁੰਦੇ। ਪੁਰਸ਼ਾਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਦੇ ਇਨ੍ਹਾਂ ਗੁਣਾਂ ਦੀ ਕਦਰ ਕਰਨ ਅਤੇ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਤੋਂ ਲਾਭ ਲੈਣ।

• ਰੋਹਿਤ ਪਲਤਾ (ਪ੍ਰਿੰਸੀਪਲ)
ਮੋਬਾਈਲ : 78377-00375



ਅੱਜ-ਕੱਲ੍ਹ ਦੀਆਂ ਔਰਤਾਂ ਪੁਰਸ਼ਾਂ ਦੇ ਸਹਿਯੋਗ ਤੋਂ ਬਗ਼ੈਰ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸਿਰਜ ਰਹੀਆਂ ਹਨ। ਉਂਜ ਤਾਂ ਔਰਤ ਅਤੇ ਪੁਰਸ਼ ਦੋਵਾਂ ਨੂੰ ਕੁਦਰਤ ਨੇ ਆਪਣੇ ਆਪ ਵਿਚ ਖ਼ਾਸ ਬਣਾਇਆ ਹੈ ਪਰ ਫਿਰ ਵੀ ਔਰਤਾਂ ਵਿਚ ਕੁਝ ਅਜਿਹੀਆਂ ਵਿਸ਼ੇਸ਼ ਖ਼ੂਬੀਆਂ ਹਨ ਜੋ ਪੁਰਸ਼ਾਂ ਵਿਚ ਨਹੀਂ।

ਬਹੁਗੁਣੀ ਪ੍ਰਤਿਭਾ

ਔਰਤਾਂ ਦੇ ਘਰੇਲੂ ਕੰਮਾਂ ਵਿਚ ਸਵੇਰ ਤੋਂ ਹੀ ਉਨ੍ਹਾਂ ਦੀ ਬਹੁਗੁਣੀ ਪ੍ਰਤਿਭਾ ਦਾ ਪ੍ਰਦਰਸ਼ਨ ਵੇਖਣ ਨੂੰ ਮਿਲਦਾ ਹੈ। ਬੱਚਿਆਂ ਅਤੇ ਬਾਕੀ ਪਰਿਵਾਰਿਕ ਮੈਂਬਰਾਂ ਲਈ ਸਵੇਰ ਦਾ ਨਾਸ਼ਤਾ ਤਿਆਰ ਕਰਨਾ, ਬੱਚਿਆਂ ਨੂੰ ਸਕੂਲ ਵਾਸਤੇ ਤਿਆਰ ਕਰਨਾ, ਘਰ ਦੀ ਸਫ਼ਾਈ ਕਰਨਾ ਅਤੇ ਘਰ ਵਿਚ ਆ ਜਾਣ ਵਾਲੇ ਰਿਸ਼ਤੇਦਾਰਾਂ ਜਾਂ ਸਹਿਯੋਗੀਆਂ ਨੂੰ ਵਧੀਆ ਤਰੀਕੇ ਨਾਲ ਚਾਹ-ਪਾਣੀ ਪਿਲਾਉਣਾ ਆਦਿ ਅਜਿਹੇ ਕੰਮ ਹਨ, ਜਿੰਨ੍ਹਾਂ ਤੋਂ ਔਰਤਾਂ ਦੀ ਪ੍ਰਤਿਭਾ ਬਾਰੇ ਜਾਣਕਾਰੀ ਮਿਲਦੀ ਹੈ। ਜ਼ਰਾ ਉਨ੍ਹਾਂ ਔਰਤਾਂ ਦੀ ਵਿਲੱਖਣ ਪ੍ਰਤਿਭਾ ਬਾਰੇ ਵੀ ਸੋਚੋ ਜੋ ਨੌਕਰੀ ਪੇਸ਼ਾ ਹਨ ਤੇ ਘਰ ਦੇ ਸਾਰੇ ਕੰਮ-ਕਾਜ ਕਰ ਕੇ ਸਮੇਂ ਸਿਰ ਆਪਣੀ ਨੌਕਰੀ ਕਰਨ ਵੀ ਪਹੁੰਚ ਜਾਂਦੀਆਂ ਹਨ। ਅਕਸਰ ਅਸੀਂ ਔਰਤਾਂ ਨੂੰ ਘਰਾਂ ਵਿਚ ਇੱਕੋ ਸਮੇਂ ਕਈ ਕੰਮ ਕਰਦੇ ਵੇਖਦੇ ਹਾਂ। ਸੱਚਮੁੱਚ ਔਰਤਾਂ ਹਨ ਨਾ ਬਹੁਗੁਣੀ ਪ੍ਰਤਿਭਾ ਵਾਲੀਆਂ ? ਇਸ ਦੇ ਉਲਟ ਪੁਰਸ਼ ਅਕਸਰ ਇਕ ਸਮੇਂ ਵਿਚ ਇੱਕੋ ਕੰਮ ਕਰਦੇ ਹਨ





ਜੰਗਬੰਦੀ ਦੀ ਵਕਾਲਤ ਕਰਨ ਵਾਲੇ ਸਿਆਸਤਦਾਨ ਨੂੰ ਰੁਖ ਬਣਲਣ ਦੀ ਲੋੜ

ਹਾਲਾਂਕਿ, ਉਸ ਨੇ ਫਲਸਤੀਨੀ ਨਾਗਰਿਕਾਂ ਦੀ ਚਿੰਤਾਜਨਕ ਗਿਣਤੀ ਦੇ ਕਾਰਨ ਜੰਗਬੰਦੀ ਦੀ ਮੰਗ ਵੀ ਕੀਤੀ ਹੈ। ਪ੍ਰਧਾਨ ਮੰਤਰੀ ਨੇਤਨਯਾਹੂ ਨੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਹਮਾਸ ਦੇ ਵਿਰੋਧ ਦਾ ਸਾਹਮਣਾ ਕਰਨ ਦੇ ਬਾਵਜੂਦ ਇਜ਼ਰਾਈਲ ਸੰਘਰਸ਼ ਵਾਲੇ ਖੇਤਰ ਤੋਂ ਨਾਗਰਿਕਾਂ ਨੂੰ ਕੱਢਣ ਲਈ ਹਰ ਕੋਸ਼ਿਸ਼ ਕਰ ਰਿਹਾ ਹੈ, ਜੋ ਉੱਤਰੀ ਗਾਜ਼ਾ ਤੋਂ ਉਨ੍ਹਾਂ ਦੇ ਜਾਣ ਨੂੰ ਰੋਕਣ ਲਈ ਸਰਗਰਮੀ ਨਾਲ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਪੱਛਮੀ ਨੇਤਾਵਾਂ ਨੇ ਆਪਣੇ-ਆਪਣੇ ਦੇਸ਼ਾਂ ਵਿੱਚ ਫਿਲਸਤੀਨ ਪੱਖੀ ਆਬਾਦੀ ਦੀਆਂ ਪ੍ਰਤੀਕਿਰਿਆਵਾਂ ਦੇ ਕਾਰਨ ਆਪਣੇ ਸ਼ਹਿਰਾਂ ਵਿੱਚ ਸ਼ਾਂਤੀ ਅਤੇ ਵਿਵਸਥਾ ਦੇ ਪ੍ਰਬੰਧਨ ਵਿੱਚ ਸੰਭਾਵਿਤ ਚੁਣੌਤੀਆਂ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ। ਜਨਤਕ ਪ੍ਰਦਰਸ਼ਨਾਂ ਦੌਰਾਨ ਨਫ਼ਰਤ ਵਾਲੇ ਭਾਸ਼ਣ ਪ੍ਰਤੀ ਸਹਿਣਸ਼ੀਲਤਾ ਦਾ ਇੱਕ ਮਹੱਤਵਪੂਰਨ ਪ੍ਰਚਲਨ ਰਿਹਾ ਹੈ, ਅਤੇ ਅਧਿਕਾਰੀਆਂ ਨੇ ਅਜਿਹੀਆਂ ਕਾਰਵਾਈਆਂ ਲਈ ਜਵਾਬਦੇਹ ਵਿਅਕਤੀਆਂ ਦਾ ਪਿੱਛਾ ਕਰਨ ਵਿੱਚ ਦੇਰੀ ਨਾਲ ਜਵਾਬ ਦਿੱਤਾ ਹੈ। ਕਾਰਵਾਈ ਕਰਨ ਵਿੱਚ ਅਸਫਲਤਾ ਸਮਾਜ ਦੀ ਸਮੁੱਚੀ ਸੁਰੱਖਿਆ ਨੂੰ ਕਮਜ਼ੋਰ ਕਰਦੀ ਹੈ, ਨਫ਼ਰਤ ਦੀ ਸਵੀਕ੍ਰਿਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਉਦਾਹਰਣਾਂ ਦੇ ਸੰਬੰਧ ਵਿੱਚ ਸਥਾਪਿਤ ਕਰਦੀ ਹੈ। ਵਰਤਮਾਨ ਵਿੱਚ, ਯਹੂਦੀ ਭਾਈਚਾਰੇ ਪ੍ਰਤੀ ਇੱਕ ਪ੍ਰਚਲਿਤ ਦੁਸ਼ਮਣੀ ਹੈ, ਜੋ ਨਫ਼ਰਤ ਅਤੇ ਅਸਹਿਣਸ਼ੀਲਤਾ ਦੀ ਮੌਜੂਦਗੀ ਦੇ ਚਿੰਤਾਜਨਕ ਸੂਚਕ ਵਜੋਂ ਕੰਮ ਕਰਦੀ ਹੈ। ਇਹ ਪਛਾਣਨਾ ਮਹੱਤਵਪੂਰਨ ਹੈ ਕਿ ਇਹ ਦੁਸ਼ਮਣੀ, ਜੇਕਰ ਇਸ ਦਾ ਹੱਲ ਨਾ ਕੀਤਾ ਜਾਵੇ, ਤਾਂ ਇਸ ਵਿੱਚ ਹੋਰ ਸਮੂਹਾਂ ਤੱਕ ਵੀ ਆਪਣੀ ਪਹੁੰਚ ਵਧਾਉਣ ਦੀ ਸਮਰੱਥਾ ਵੱਧ ਜਾਵੇਗੀ। ਸਿੱਟੇ ਵਜੋਂ, ਯਹੂਦੀ ਲੋਕ ਲਗਾਤਾਰ ਆਪਣੇ ਆਪ ਨੂੰ ਇਸ ਮੁੱਦੇ ਵਿੱਚ ਸਭ ਤੋਂ ਅੱਗੇ ਲੱਭਦੇ ਹਨ, ਵਿਆਪਕ ਆਬਾਦੀ ਦੀ ਸੁਰੱਖਿਆ ਲਈ ਇੱਕ ਚੇਤਾਵਨੀ ਚਿੰਨ੍ਹ ਵਜੋਂ ਕੰਮ ਕਰਦੇ ਹਨ, ਕਿਉਂਕਿ ਉਹਨਾਂ ਦੀ ਭਲਾਈ ਨਾਲ ਸਮਝੌਤਾ ਹੋ ਸਕਦਾ ਹੈ।

ਇਸ ਸਮੇਂ ਗਾਜ਼ਾ ਵਿੱਚ ਜੰਗਬੰਦੀ ਨੂੰ ਲਾਗੂ ਕਰਨਾ ਇੱਕ ਵਿਹਾਰਕ ਹੱਲ ਪੇਸ਼ ਨਹੀਂ ਕਰਦਾ, ਕਿਉਂਕਿ ਇਹ ਅੰਤਰੀਵ ਮੁੱਦਿਆਂ ਨੂੰ ਹੱਲ ਕਰਨ ਵਿੱਚ ਅਸਫ਼ਲ ਰਹਿੰਦਾ ਹੈ। ਹਮਾਸ, ਗਾਜ਼ਾ ਵਿੱਚ ਗਵਰਨਿੰਗ ਅਥਾਰਟੀ, ਆਪਣੇ ਗੜ੍ਹ ਨੂੰ ਕਾਇਮ ਰੱਖਦੀ ਹੈ ਅਤੇ ਮੁੜ ਸੰਗਠਿਤ ਕਰਦੀ ਹੈ, ਨਤੀਜੇ ਵਜੋਂ ਚੱਲ ਰਹੀਆਂ ਚੁਣੌਤੀਆਂ ਹਨ। ਇਸ ਤੋਂ ਇਲਾਵਾ, ਫਲਸਤੀਨੀ ਆਬਾਦੀ ਆਪਣੇ ਸ਼ਾਸਨ ਦੇ ਅਧੀਨ ਮੁਸ਼ਕਲਾਂ ਨੂੰ ਸਹਿਣਾ ਜਾਰੀ ਰੱਖਦੀ ਹੈ, ਜਦੋਂ ਕਿ ਇਜ਼ਰਾਈਲ ਇੱਕ ਮਹੱਤਵਪੂਰਨ ਹੋਂਦ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਹਮਾਸ ਨੇ 7 ਅਕਤੂਬਰ, 2023 ਨੂੰ ਆਵਰਤੀ ਆਧਾਰ @ਤੇ ਵਾਪਰੀਆਂ ਘਟਨਾਵਾਂ ਨੂੰ ਦੁਹਰਾਉਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ। ਕੀ ਕੋਈ ਵੀ ਕੌਮ, ਜਦੋਂ ਅਜਿਹੇ ਖਤਰੇ ਦਾ ਸਾਹਮਣਾ ਕਰਦੀ ਹੈ, ਆਪਣੀ ਹੋਂਦ ਦੀ ਰਾਖੀ ਲਈ ਆਪਣੀਆਂ ਫੌਜੀ ਕਾਰਵਾਈਆਂ ਨੂੰ ਬੰਦ ਕਰਨ ਦੀ ਚੋਣ ਕਰੇਗੀ ? ਮਿਆਰ ਇਜ਼ਰਾਈਲ ਲਈ ਵੀ ਇਕਸਾਰ ਰਹਿਣਾ ਚਾਹੀਦਾ ਹੈ। ਜੰਗਬੰਦੀ ਦੀ ਵਕਾਲਤ ਕਰਨ ਵਾਲੇ ਸਿਆਸਤਦਾਨਾਂ ਨੂੰ ਇਸ ਗੱਲ @ਤੇ ਵਿਚਾਰ ਕਰਨੀ ਚਾਹੀਦਾ ਹੈ ਕਿ ਕੀ ਉਨ੍ਹਾਂ ਦੇ ਰੁਖ ਨੂੰ ਬਦਲਿਆ ਜਾਵੇਗਾ ਜੇਕਰ ਉਨ੍ਹਾਂ ਨੂੰ ਆਪਣੀ ਹੀ ਸਰਹੱਦ @ਤੇ ਦੁਸ਼ਮਣ ਵਿਅਕਤੀਆਂ ਦੀ ਮੌਜੂਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਆਪਣੇ ਹੀ ਬੇਕਸੂਰ ਨਾਗਰਿਕਾਂ ਦੀਆਂ ਜਾਨਾਂ ਜਾ ਰਹੀਆਂ ਹਨ।

ਮਨੁੱਖ ਵਿਗਿਆਨਕ ਦੀ ਤਰੱਕੀ ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਕਿਉਂ ?

ਸੁਰਜੀਤ ਸਿੰਘ ਫਲੋਰਾ

ਅਜੋਕੇ ਵਿਗਿਆਨਕ ਯੁੱਗ ਵਿੱਚ ਭਾਵੇਂ ਕੋਈ ਵੀ ਖੇਤਰ ਕਿਉਂ ਨਾ ਹੋਵੇ, ਵਿਗਿਆਨਕ ਕਾਢਾਂ ਅਤੇ ਖੋਜਾਂ ਰਾਹੀਂ ਬਣੀਆਂ ਵਸਤੂਆਂ ਦੀ ਪ੍ਰਸਿੱਧੀ ਦਿਨੋਂ-ਦਿਨ ਵੱਧ ਰਹੀ ਹੈ। ਚਾਹੇ ਰੇਲਗੱਡੀਆਂ ਹੋਣ ਜਾਂ ਹਵਾਈ ਜਹਾਜ਼, ਫਿਲਮਾਂ ਹੋਣ ਜਾਂ ਮੈਡੀਕਲ ਸਾਜ਼ੋ-ਸਾਮਾਨ ਜਾਂ ਕੰਪਿਊਟਰ ਜਾਂ ਸਮਾਰਟਫ਼ੋਨ, ਇਨ੍ਹਾਂ ਦਾ ਸਾਡੇ ਜੀਵਨ ਦੇ ਰੋਜ਼ਾਨਾ ਰੁਟੀਨ ਵਿੱਚ ਹਰ ਥਾਂ ਪਾਇਆ ਜਾਂਦਾ ਹੈ।

ਜਿੱਥੇ ਇੱਕ ਪਾਸੇ ਮਨੁੱਖ ਵਿਗਿਆਨਕ ਤਰੱਕੀ ਦੇ ਉੱਚੇ ਸਿਖਰ @ਤੇ ਪਹੁੰਚਣ ਲਈ ਯਤਨਸ਼ੀਲ ਹੈ, ਉਥੇ ਦੂਜੇ ਪਾਸੇ ਅਜੋਕੇ ਯੁੱਗ ਵਿੱਚ ਮਨੁੱਖੀ ਕਦਰਾਂ-ਕੀਮਤਾਂ ਅਤੇ ਵਿਸ਼ਵਾਸ, ਹਮਦਰਦੀ, ਇਮਾਨਦਾਰੀ, ਦਿਆਲਤਾ, ਪਿਆਰ, ਸੰਜਮ ਆਦਿ ਦਾ ਨਿਘਾਰ ਹੋ ਰਿਹਾ ਹੈ। ਮਨੁੱਖ ਵਿਅਕਤੀਵਾਦੀ ਅਤੇ ਭੌਤਿਕਵਾਦੀ ਹੁੰਦਾ ਜਾ ਰਿਹਾ ਹੈ ਜਿਸਦਾ ਤਰੱਕੀ ਵੱਲ ਝੁਕਾਅ ਭਲਾਈ ਨਾਲੋਂ ਵੱਧ ਸ਼ੋਸ਼ਣ ਵੱਲ ਵੱਧ ਹੋ ਗਿਆ ਹੈ।

ਇਨ੍ਹਾਂ ਦੋਹਾਂ ਰੁਝਾਨਾਂ ਦੇ ਗੁਣਾਂ ਦੀ ਘੋਖ ਕਰਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਵਿਗਿਆਨ ਦੀ ਤਰੱਕੀ ਕਾਰਨ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਹੋ ਰਿਹਾ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਧਾਰਨਾ ਅਸਲੀ ਜਾਪਦੀ ਹੈ ਪਰ ਕੀ ਦੋਵਾਂ ਵਿੱਚ ਕਾਰਨ ਅਤੇ ਪ੍ਰਭਾਵ ਦਾ ਰਿਸ਼ਤਾ ਹੈ ਜਾਂ ਇਹ ਮਹਿਜ਼ ਇਤਫ਼ਾਕ ਹੈ ਕਿ ਇੱਕ ਵਿੱਚ ਵਾਧਾ ਦੂਜੇ ਵਿੱਚ ਗਿਰਾਵਟ ਦਾ ਕਾਰਨ ਬਣ ਰਿਹਾ ਹੈ।

ਕਿਉਂਕਿ ਰੋਜ਼ਾਨਾ ਜੀਵਨ ਵਿੱਚ, ਅਸੀਂ ਸਹੀ-ਗਲਤ, ਸਭ ਤੋਂ ਮਾੜੇ, ਸਵੀਕਾਰ-ਨਕਾਰ ਆਦਿ ਬਾਰੇ ਜੋ ਵੀ ਫੈਸਲੇ ਲੈਂਦੇ ਹਾਂ, ਉਹ ਮਨੁੱਖੀ ਕਦਰਾਂ-ਕੀਮਤਾਂ @ਤੇ ਆਧਾਰਿਤ ਹੁੰਦੇ ਹਨ। ਉਹ ਮਾਪਦੰਡ ਜਿਸ @ਤੇ ਕਿਸੇ ਘਟਨਾ ਦੀ ਸੱਚਾਈ, ਵਿਅਕਤੀਆਂ ਅਤੇ ਸਮਾਜ @ਤੇ ਲਾਭਦਾਇਕ ਜਾਂ ਨੁਕਸਾਨਦੇਹ ਪ੍ਰਭਾਵ, ਜਾਂ ਕਿਸੇ ਚੀਜ਼ ਦੇ ਕਿਸੇ ਗੁਣ ਦੀ ਉੱਤਮਤਾ ਜਾਂ ਨੀਵੀਂਤਾ ਨੂੰ ਮਾਪਿਆ ਜਾਂਦਾ ਹੈ, ਨੂੰ ਮੁੱਲ ਕਿਹਾ ਜਾਂਦਾ ਹੈ। ਕਦਰਾਂ-ਕੀਮਤਾਂ ਅਨੁਸਾਰ ਕਿਸੇ ਚੀਜ਼ ਜਾਂ ਵਿਅਕਤੀ ਦੀਆਂ ਖੂਬੀਆਂ, ਔਗੁਣਾਂ, ਕਾਬਲੀਅਤਾਂ ਆਦਿ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਮਹੱਤਤਾ ਸਥਾਪਤ ਕੀਤੀ ਜਾਂਦੀ ਹੈ।

ਜੋ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਇੱਕ ਵਰਤਾਰਾ ਜਿਹਾ ਬਣ ਗਿਆ ਹੈ। ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਦਾ ਇਹ ਰੁਝਾਨ ਨਾ ਸਿਰਫ਼ ਦੇਸ਼ ਦੇ ਵਿਕਾਸ ਦੇ ਭਵਿੱਖ ਦੇ ਰਾਹ ਨੂੰ ਗੰਭੀਰ ਖ਼ਤਰਾ ਪੈਦਾ ਕਰਦਾ ਹੈ, ਸਗੋਂ ਇਸ ਦੀ ਹੋਂਦ, ਮਾਨ - ਸਨਮਾਨ ਅਤੇ ਅਧਿਕਾਰ ਲਈ ਵੀ ਗੰਭੀਰ ਖਤਰਾ ਪੈਦਾ ਕਰਦਾ ਹੈ। ਹਾਲਾਂਕਿ, ਨੌਜਵਾਨ ਪੀੜ੍ਹੀ ਵਿੱਚ ਸਮਾਜਿਕ/ਮਨੁੱਖੀ ਕਦਰਾਂ-ਕੀਮਤਾਂ ਵਿੱਚ ਤਬਦੀਲੀ ਸਮੇਂ ਦੇ ਨਾਲ ਅਟੱਲ ਹੈ ਪਰ ਭਾਰਤੀ ਨੌਜਵਾਨ ਪੀੜ੍ਹੀ ਵਿੱਚ ਗਿਰਾਵਟ ਵਿਸ਼ਵ ਭਰ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਚਿੰਤਾਜਨਕ ਦਰ ਨਾਲ ਹੈ। ਇਹ ਨੌਜਵਾਨ ਪੀੜ੍ਹੀ ਵਿੱਚ ਲੋੜੀਂਦੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਲਈ ਮਾਪਿਆਂ, ਅਧਿਆਪਕਾਂ ਅਤੇ ਸਮਾਜ ਉੱਤੇ ਨਿਰਭਰ ਕਰਦਾ ਹੈ।

ਮਨੁੱਖੀ ਕਦਰਾਂ-ਕੀਮਤਾਂ ਮਨੁੱਖੀ ਵਿਹਾਰ ਦਾ ਇੱਕ ਗੁੰਝਲਦਾਰ ਅਤੇ ਵਿਅਕਤੀਗਤ ਪਹਿਲੂ ਹਨ ਜੋ ਬਹੁਤ ਸਾਰੇ ਕਾਰਕਾਂ ਜਿਵੇਂ ਕਿ ਸੱਭਿਆਚਾਰ, ਧਰਮ, ਸਿੱਖਿਆ, ਨਿੱਜੀ ਅਨੁਭਵ, ਅਤੇ ਸਮਾਜਿਕ ਨਿਯਮਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ, ਇਹ ਚਿੰਤਾ ਵਧ ਰਹੀ ਹੈ ਕਿ ਇਹ ਮਾਨ ਸਨਮਾਨ , ਕਦਰਾਂ ਕੀਮਤਾਂ ਖ਼ਤਮ ਹੋ ਰਹੀਆਂ ਹਨ। । ਕੁਝ ਲੋਕ ਦਲੀਲ ਦਿੰਦੇ ਹਨ ਕਿ ਇਹ ਗਿਰਾਵਟ ਕਈ ਕਾਰਕਾਂ ਦੇ ਕਾਰਨ ਹੈ ਜਿਵੇਂ ਕਿ ਵਿਅਕਤੀਵਾਦ, ਪਦਾਰਥਵਾਦ, ਅਤੇ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਜੋ ਸੱਚ ਵੀ ਹੈ ਨਾ ਤਾਂ ਧਾਰਮਿਕ ਆਗੂ ਤੇ ਨਾ ਹੀ ਕੋਈ ਲੀਡਰ, ਨੇਤਾ ਲੋਕ, ਨਾ ਹੀ ਕੋਈ ਆਮ ਵਿਆਕਤੀ ਸਾਹਮਣੇ ਆ ਕੇ ਕਿਸੇ ਨਾਲ ਖੜ੍ਹਾ ਹੋ ਰਿਹਾ, ਸਭ ਆਪਣੇ ਤੱਕ ਹੀ ਲਾਲਚ ਦੇ ਦੰਗਲ ਵਿਚ ਮੈਂ - ਮੇਰੀ ਵਿਚ ਫਸੇ ਪਏ ਹਨ।

ਇਥੇ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾਉਣ ਵਾਲਾ ਇੱਕ ਵੱਡਾ ਕਾਰਕ ਵਿਅਕਤੀਵਾਦ ਦਾ ਉਭਾਰ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਸਮੂਹਵਾਦੀ ਕਦਰਾਂ-ਕੀਮਤਾਂ ਤੋਂ ਦੂਰ ਹੋ ਕੇ ਵਿਅਕਤੀਵਾਦੀ ਕਦਰਾਂ-ਕੀਮਤਾਂ ਵੱਲ ਵਧਿਆ ਹੈ। ਇਸ ਨਾਲ ਭਾਈਚਾਰਕ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਕੀਮਤ @ਤੇ ਨਿੱਜੀ ਲਾਭ ਅਤੇ ਸਵੈ-ਹਿੱਤ @ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਲੋਕ ਦੂਜਿਆਂ @ਤੇ ਉਨ੍ਹਾਂ ਦੀਆਂ ਕਾਰਵਾਈਆਂ ਦੇ ਪ੍ਰਭਾਵ ਨੂੰ ਵਿਚਾਰਨ ਦੀ ਬਜਾਏ, ਆਪਣੀਆਂ ਇੱਛਾਵਾਂ ਅਤੇ ਲੋੜਾਂ ਨੂੰ ਤਰਜੀਹ ਦੇਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਇਸ ਦੇ ਨਤੀਜੇ ਵਜੋਂ ਸੁਆਰਥੀ ਵਿਵਹਾਰ, ਹਮਦਰਦੀ ਦੀ ਘਾਟ, ਅਤੇ ਆਮ ਭਲੇ ਲਈ ਅਣਦੇਖੀ ਹੋ ਰਹੀ ਹੈ।

ਪਦਾਰਥਵਾਦ ਇੱਕ ਹੋਰ ਕਾਰਕ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਪਤਨ ਵਿੱਚ ਯੋਗਦਾਨ ਪਾ ਰਿਹਾ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਭੌਤਿਕ ਦੌਲਤ ਅਤੇ ਚੀਜ਼ਾਂ ਦੀ ਮਹੱਤਤਾ ਵਧਦੀ ਰਹੀ ਹੈ। ਲੋਕ ਜੀਵਨ ਦੀਆਂ ਵਧੇਰੇ ਮਹੱਤਵਪੂਰਣ ਚੀਜ਼ਾਂ ਜਿਵੇਂ ਕਿ ਰਿਸ਼ਤੇ, ਪਰਿਵਾਰ ਅਤੇ ਭਾਈਚਾਰੇ @ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਪਦਾਰਥਕ ਵਸਤੂਆਂ ਅਤੇ ਸਥਿਤੀ ਦੇ ਚਿੰਨ੍ਹਾਂ ਨੂੰ ਪ੍ਰਾਪਤ ਕਰਨ ਲਈ ਵਧੇਰੇ ਚਿੰਤਤ ਹਨ। ਇਸ ਨਾਲ ਖਪਤਵਾਦ ਦਾ ਸੱਭਿਆਚਾਰ ਪੈਦਾ ਹੋਇਆ ਹੈ, ਜਿੱਥੇ ਲੋਕਾਂ ਨੂੰ ਆਪਣੀ ਭਲਾਈ ਜਾਂ ਦੂਜਿਆਂ ਦੀ ਭਲਾਈ @ਤੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ, ਵੱਧ ਤੋਂ ਵੱਧ ਚੀਜ਼ਾਂ ਇਕੱਠੀਆਂ ਕਰਨ ਲਈ ਉਤਸ਼ਾਹਿਤ ਹੋ ਰਹੇ ਹਨ। ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ ਇੱਕ ਹੋਰ ਕਾਰਕ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾ ਰਿਹਾ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਧਰਮ ਨੇ ਸੱਭਿਆਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ, ਧਾਰਮਿਕ ਗੀਤੀ-ਰਿਵਾਜ ਵਿੱਚ ਗਿਰਾਵਟ ਆਈ ਹੈ ਅਤੇ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿੱਚ ਇੱਕ ਅਨੁਸਾਰੀ ਗਿਰਾਵਟ ਆਈ ਹੈ। ਇਸ ਨਾਲ ਲੋਕਾਂ ਦੇ ਜੀਵਨ ਵਿੱਚ ਮਾਰਗਦਰਸ਼ਨ ਅਤੇ ਢਾਂਚੇ ਦੀ ਘਾਟ ਹੋ ਸਕਦੀ ਹੈ, ਜੋ ਸੁਆਰਥੀ ਅਤੇ ਅਨੈਤਿਕ ਵਿਵਹਾਰ ਵਿੱਚ ਯੋਗਦਾਨ ਪਾ ਰਹੀ ਹੈ। ਜਿਵੇਂ ਕਿ ਉਪਰ ਜਿਕਰ ਕੀਤਾ ਹੈ, ਸਭ ਆਪ-ਧਾਪੀ ਮੈਂ - ਮੇਰੀ ਦੇ ਗੁਣ ਗਾਇਨ ਕਰ ਰਹੇ ਹਨ। ਮੈਂ ਮੇਰੀ ਦੀ ਹਾਊਮੈਂ ਵਿਚ ਫਸੇ ਪਏ ਹਨ। ਉਥੇ ਤਕਨਾਲੋਜੀ ਦਾ ਮਨੁੱਖੀ ਕਦਰਾਂ-ਕੀਮਤਾਂ @ਤੇ ਵੀ ਅਸਰ ਪੈ ਰਿਹਾ ਹੈ। ਤਕਨਾਲੋਜੀ ਦੀ ਵੱਧ ਰਹੀ ਵਰਤੋਂ ਨੇ ਲੋਕਾਂ ਦੇ ਸੰਚਾਰ ਅਤੇ ਇੱਕ ਦੂਜੇ ਨਾਲ ਗੱਲਬਾਤ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਸੋਸ਼ਲ ਮੀਡੀਆ ਅਤੇ ਤਕਨਾਲੋਜੀ ਦੇ ਹੋਰ ਰੂਪਾਂ ਨੇ ਲੋਕਾਂ ਲਈ ਨੁਕਸਾਨਦੇਹ ਜਾਂ ਅਨੈਤਿਕ ਵਿਵਹਾਰ ਵਿੱਚ ਸ਼ਾਮਲ ਹੋਣਾ ਆਸਾਨ ਬਣਾ ਦਿੱਤਾ ਹੈ, ਜਿਵੇਂ ਕਿ ਸਾਈਬਰ ਧੱਕੇਸ਼ਾਹੀ, ਗਲਤ ਜਾਣਕਾਰੀ ਫੈਲਾਉਣਾ, ਅਤੇ ਗੋਪਨੀਯਤਾ @ਤੇ ਹਮਲਾ ਕਰਨਾ। ਤਕਨਾਲੋਜੀ ਦੁਆਰਾ ਪ੍ਰਦਾਨ ਕੀਤੀ ਗਈ ਗੁਮਨਾਮਤਾ ਅਤੇ ਦੂਰੀ ਲੋਕਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਲਈ ਘੱਟ ਜਵਾਬਦੇਹ ਮਹਿਸੂਸ ਕਰ ਰਹੀ ਹੈ, ਜਿਸ ਨਾਲ ਹਮਦਰਦੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਵਰਗੇ ਫਰਜਾਂ ਵਿੱਚ ਗਿਰਾਵਟ ਆ ਰਹੀ ਹੈ। ਸਿੱਖਿਆ ਪ੍ਰਣਾਲੀ ਵੀ ਇੱਕ ਅਜਿਹਾ ਕਾਰਕ ਹੈ ਜੋ ਮਨੁੱਖੀ ਕਦਰਾਂ-ਕੀਮਤਾਂ ਦੇ ਨਿਘਾਰ ਵਿੱਚ ਯੋਗਦਾਨ ਪਾ ਰਹੀ ਹੈ। ਬਹੁਤ ਸਾਰੇ ਸਮਾਜਾਂ ਵਿੱਚ, ਸਿੱਖਿਆ ਪ੍ਰਣਾਲੀ ਚਰਿੱਤਰ ਵਿਕਾਸ ਅਤੇ ਨੈਤਿਕ ਸਿੱਖਿਆ ਦੀ ਬਜਾਏ ਅਕਾਦਮਿਕ ਪ੍ਰਾਪਤੀ ਅਤੇ ਨੌਕਰੀ ਦੀ ਤਿਆਰੀ @ਤੇ ਜ਼ਿਆਦਾ ਧਿਆਨ ਦਿੰਦੀ ਹੈ। ਇਸ ਦੇ ਨਤੀਜੇ ਵਜੋਂ ਹਮਦਰਦੀ ਅਤੇ ਜ਼ਿੰਮੇਵਾਰੀ ਵਰਗੀਆਂ ਮਹੱਤਵਪੂਰਨ ਕਦਰਾਂ-ਕੀਮਤਾਂ @ਤੇ ਧਿਆਨ ਭਟਕ ਰਿਹਾ ਹੈ।

ਸਿੱਟੇ ਵਜੋਂ, ਮਨੁੱਖੀ ਕਦਰਾਂ-ਕੀਮਤਾਂ ਦਾ ਨਿਘਾਰ ਇੱਕ ਗੁੰਝਲਦਾਰ ਅਤੇ ਬਹੁਪੱਖੀ ਮੁੱਦਾ ਹੈ ਜੋ ਵਿਅਕਤੀਵਾਦ, ਪਦਾਰਥਵਾਦ, ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਪਤਨ, ਤਕਨਾਲੋਜੀ ਅਤੇ ਸਿੱਖਿਆ ਪ੍ਰਣਾਲੀ ਵਰਗੇ ਕਾਰਕਾਂ ਦੀ ਇੱਕ ਸ਼੍ਰੇਣੀ ਤੋਂ ਪ੍ਰਭਾਵਿਤ ਹੈ। ਸਾਰਿਆਂ ਲਈ ਇੱਕ ਹੋਰ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ, ਵਿਅਕਤੀਆਂ, ਪਰਿਵਾਰਾਂ ਅਤੇ ਸਮਾਜਾਂ ਲਈ ਸਕਾਰਾਤਮਕ ਮਨੁੱਖੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਇਕੱਠੇ ਕੰਮ ਕਰਨਾ ਮਹੱਤਵਪੂਰਨ ਅਤੇ ਸਹੀ ਸਾਬਿਤ ਹੋ ਸਕਦਾ ਹੈ। ਇਸ ਵਿੱਚ ਭਾਈਚਾਰਕ ਨਿਰਮਾਣ, ਹਮਦਰਦੀ ਅਤੇ ਪਿਆਰ, ਨੇੜਤਾ, ਇਕ ਦੂਜੇ ਨਾਲ ਰਲ- ਮਿਲ ਕੇ ਚੱਲਣ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨੈਤਿਕਤਾ ਦੀ ਮਹੱਤਤਾ ਬਾਰੇ ਸਿਖਾਉਣ @ਤੇ ਧਿਆਨ ਕੇਂਦਰਤ ਕਰਨਾ ਚਾਹਿੰਦਾ ਹੈ।

ਅੱਜ ਸਾਡੇ ਸਮਾਜ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਇੱਕ ਵਰਤਾਰਾ ਬਣ ਗਿਆ ਹੈ। ਸਾਡੇ ਵਿੱਚ ਮਨੁੱਖਤਾ ਨੂੰ ਪੂਰੀ ਤਰ੍ਹਾਂ ਬੇਦਖਲ ਕਰਨ ਲਈ ਦੌਲਤ, ਸ਼ਕਤੀ ਅਤੇ ਰੁਤਬਾ ਹਾਂਸਿਲ ਕਰਨ ਦੀ ਦੌੜ ਲੱਗੀ ਹੋਏ ਹੈ, ਅਸਲ ਜੀਵਨ ਦੀਆਂ ਸਥਿਤੀਆਂ ਵਿੱਚ ਅਸੀਂ ਤੰਗ ਸੰਕੀਰਣ ਵਿਚਾਰਾਂ ਦੁਆਰਾ ਪ੍ਰਭਾਵਿਤ ਹੁੰਦੇ ਹਾਂ ਅਤੇ ਉੱਥੇ ਸਥਿਤੀ ਹਿੰਸਾ, ਲਾਲਚ, ਚੋਰੀਆਂ, ਨਸ਼ਾਖੋਰੀ ਅਤੇ ਅੱਤਵਾਦ ਵਰਗੇ ਮਾਹੌਲ 'ਚ ਧਸ ਰਹੇ ਹਾਂ। ਸਾਡੇ ਸਿੱਖਣ ਦੇ ਅਦਾਰੇ ਕੁਸ਼ਲ ਵਿਅਕਤੀ ਤਿਆਰ ਕਰ ਰਹੇ ਹਨ, ਪਰ ਚੰਗੇ ਨਾਗਰਿਕ ਜਾਂ ਇਨਸਾਨ ਨਹੀਂ। ਇਸ ਤਰ੍ਹਾਂ ਇਹ ਆਮ ਮੰਨਿਆ ਜਾਂਦਾ ਰਿਹਾ ਹੈ ਕਿ ਭਾਰਤੀ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਤੇਜ਼ੀ ਨਾਲ ਨਿਘਾਰ ਹੋ ਰਿਹਾ ਹੈ। ਅਜੋਕੀ ਵਿੱਦਿਅਕ ਪ੍ਰਣਾਲੀ ਆਪਣੀਆਂ ਸਾਰੀਆਂ ਗੁੰਝਲਾਂ ਅਤੇ ਪੇਚੀਦਗੀਆਂ ਦੇ ਨਾਲ ਹੁਣ ਤੱਕ ਇਸ ਪੱਖੋਂ ਕਮਜ਼ੋਰ ਸਾਬਤ ਹੋਈ ਹੈ ਕਿ ਇਹ ਮਨੁੱਖੀ ਜੀਵਨ ਵਿੱਚ ਕਦਰਾਂ-ਕੀਮਤਾਂ ਨੂੰ ਉਚਿਤ ਮਹੱਤਵ ਨਹੀਂ ਦੇ ਰਹੀ। ਇਸ ਤਰ੍ਹਾਂ ਗਿਆਨ ਮੁੱਲਾਂ ਦੇ ਅਸਾਧਾਰਣ ਵਿਸਫੋਟ ਦੇ ਬਾਵਜੂਦ ਮਨੁੱਖੀ ਦੁੱਖਾਂ ਅਤੇ ਤਕਲੀਫਾਂ ਵਿਚ ਵਾਧਾ ਹੋ ਰਿਹਾ ਹੈ, ਮੌਜੂਦਾ ਵਿਦਿਅਕ ਪ੍ਰਣਾਲੀ ਵਿਚ ਅਣਗਹਿਲੀ ਦਾ ਵਿਸ਼ਾ ਬਣ ਗਿਆ ਹੈ ਅਤੇ ਸਿੱਟੇ ਵਜੋਂ ਅਧਿਕਤਮ ÷ਸਿੱਖਿਆ ਮਨੁੱਖ ਨੂੰ ਬਦਲਦੀ ਹੈ÷ ਲਗਭਗ ਆਪਣੀਆਂ ÷ਮੁਕਾਮ÷ ਗੁਆ ਚੁੱਕਾ ਹੈ । ਅਪਰਾਧ; ਮਿਸ਼ਨ ਤੋਂ ਬਿਨਾਂ ਸਿੱਖਿਆ ਜੀਵਨ ਦਾ ਬੋਝ ਹੈ। ਸਾਡੇ ਜੀਵਨ ਵਿੱਚ ਸਿੱਖਿਆ ਸਾਨੂੰ ਆਰਾਮਦਾਇਕ ਬਣਨ ਅਤੇ ਆਪਣੇ ਪਰਿਵਾਰ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਦੇ ਯੋਗ ਬਣਾਉਂਦੀ ਹੈ ਜਿੱਥੇ ਤੱਕ ਸਮਾਜਿਕ ਤਰੱਕੀ ਦਾ ਸਬੰਧ ਹੈ, ਇਸ ਉਦੇਸ਼ ਲਈ ਮੁੱਲ ਅਧਾਰਤ ਸਿੱਖਿਆ ਇੱਕ ਲਾਜ਼ਮੀ ਉਪਕਰਣ ਹੈ।

ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਦੀਆਂ ਤਰੀਕਾਂ ਸਬੰਧੀ ਰੌਲਾ ਕਿਉਂ

ਸਿੱਖ ਯੋਧਿਆਂ ਸਬੰਧੀ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਗਲਤ ਇਤਿਹਾਸ

ਪਿਛਲੇ ਲੰਬੇ ਸਮੇਂ ਤੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਬਾਰੇ ਅਲੱਗ ਅਲੱਗ ਧਾਰਨਾਵਾਂ ਬਰਕਰਾਰ ਹੂ । ਬਹੁਤ ਜਗਾਵਾਂ ਤੇ ਉਨਾਂ ਦਾ ਜਨਮ ਪੁਰਬ ਕਿਸੇ ਤਰੀਕ ਨੂੰ ਮਨਾਇਆ ਗਿਆ ਤੇ ਬਹੁਤ ਸਾਰੀਆਂ ਥਾਵਾਂ ਉੱਤੇ ਉਹਨਾਂ ਦਾ ਪ੍ਰਕਾਸ਼ ਪੁਰਬ ਬਦਲਵੀਆਂ ਤਰੀਕਾਂ ਨੂੰ ਮਨਾਇਆ ਗਿਆ । ਇਹ ਵਰਤਾਰਾ ਬਿਲਕੁਲ ਗਲਤ ਹੈ ਅਤੇ ਨਾ ਬਰਦਾਸ਼ਤ ਯੋਗ ਹੈ ਕਿਉਂਕਿ ਸਿੱਖਾਂ ਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪੁਰਬ ਸਬੰਧੀ ਭੰਬਲ ਭੂਸਾ ਕਿਉਂ ਪਾਇਆ ਜਾ ਰਿਹਾ ਹੈ । ਇਹ ਹਾਲਤ ਅੱਜ ਨਹੀਂ ਬਣੀ ਇਹ ਪਿਛਲੇ ਸਮੇਂ ਤੋਂ ਚੱਲ ਰਹੀ ਹੈ ਸਾਡੇ ਵਿਦਵਾਨ ਚੁੱਪ ਹਨ । ਸ਼੍ਰੋਮਣੀ ਕਮੇਟੀ ਚੁੱਪ ਹੈ ਕਿਸੇ ਵੱਲੋਂ ਕੁਝ ਵੀ ਨਹੀਂ ਬੋਲਿਆ ਜਾ ਰਿਹਾ । ਜੇਕਰ ਗੱਲ ਕਰੀਏ ਅਮਰੀਕਾ ਦੀ ਤਾਂ ਇਥੇ ਵੀ ਇਹੀ ਹਾਲ ਹੈ ਕਿਉਂਕਿ ਗੁਰੂ ਸਾਹਿਬ ਦੇ ਜਨਮ ਪੁਰਮ ਸਬੰਧੀ ਗਲਤ ਧਾਰਨਾਵਾਂ ਬਣਾਈਆਂ ਜਾ ਰਹੀਆਂ ਹਨ ਅਸਲ ਸੱਚ ਕੀ ਹੈ ਕਿਸੇ ਨੂੰ ਕੁਝ ਵੀ ਨਹੀਂ ਪਤਾ ਜਦਕਿ ਇਹ ਪਤਾ ਲੱਗਣਾ ਅੱਜ ਦੇ ਸਮੇਂ ਵੱਡੀ ਜਰੂਰਤ ਹੈ ।



ਜੇਕਰ ਅਸੀਂ ਇਤਿਹਾਸ ਨੂੰ ਖੰਗਾਲੀਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪੁਰਬ 14 ਅਪ੍ਰੈਲ 1469 ਈਸਵੀ ਨੂੰ ਹੋਇਆ ਦੱਸਿਆ ਜਾ ਰਿਹਾ ਹੈ ਬਹੁਤ ਸਾਰੇ ਇਤਿਹਾਸਿਕ ਗ੍ਰੰਥਾਂ ਅੰਦਰ ਵੀ ਗੁਰੂ ਸਾਹਿਬ ਦੇ ਜਨਮ ਤਰੀਕ ਇਹੀ ਹੈ ਪਰ ਬਾਅਦ ਵਿੱਚ ਜੇਕਰ ਹੋਰ ਕੁਝ ਵਿਦਵਾਨਾਂ ਦੀ ਗੱਲ ਕਰੀਏ ਤਾਂ ਉਹਨਾਂ ਦਾ ਜਨਮ 20 ਅਕਤੂਬਰ ਨੂੰ ਵੀ ਦਰਸਾਇਆ ਗਿਆ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 15 ਅਪ੍

ਗ਼ਰੀਬੀ: ਬਰਾਬਰੀ ਦੇ ਹੱਕ ਦੀ ਗੰਭੀਰ ਉਲੰਘਣਾ



ਜਰਮਨ ਦਾਰਸ਼ਨਿਕ ਵਿਲਹੈਲਮ ਫ਼ੈਡਰਿਕ ਹੇਗਲ ਨੇ 1820 ਵਿੱਚ ਆਪਣੀ ਮੌਲਿਕ ਰਚਨਾ 'ਐਲੀਮੈਂਟਸ ਆਫ ਦਿ ਫਿਲਾਸਫੀ ਆਫ ਰਾਈਟ' ਵਿੱਚ ਟਿੱਪਣੀ ਕੀਤੀ ਸੀ ਕਿ ''ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀਆਂ ਸਮੱਸਿਆਵਾਂ 'ਚੋਂ ਇੱਕ ਗ਼ਰੀਬੀ ਨੂੰ ਕਿੰਝ ਖਤਮ ਕੀਤਾ ਜਾਵੇ। ਇਹ ਇੱਕ ਅਜਿਹਾ ਅਹਿਮ ਸਵਾਲ ਹੈ ਜੋ ਆਧੁਨਿਕ ਸਮਾਜ ਦੇ ਮਨ ਵਿੱਚ ਖੌਲਦਾ ਰਹਿੰਦਾ ਹੈ।'' ਅਸੀਂ 2023 ਦੇ ਅਖੀਰ ਵਿੱਚ ਅੱਪੜ ਗਏ ਹਾਂ; ਭਾਰਤ ਜਿਹੇ ਮੁਲਕਾਂ ਵਿੱਚ ਗ਼ਰੀਬੀ ਅਜੇ ਵੀ ਨਾਸੂਰ ਦੀ ਤਰ੍ਹਾਂ ਫੈਲਦੀ ਜਾ ਰਹੀ ਹੈ, ਪਰ ਇਸ ਨੂੰ ਖ਼ਤਮ ਕਿਵੇਂ ਕੀਤਾ ਜਾਵੇ, ਇਸ ਨੂੰ ਲੈ ਕੇ ਕੋਈ ਵੀ ਧਿਰ ਪਰੇਸ਼ਾਨ ਨਜ਼ਰ ਨਹੀਂ ਆ ਰਹੀ।

ਜਦੋਂ ਚੋਣਾਂ ਨੇੜੇ ਆ ਜਾਂਦੀਆਂ ਹਨ ਤਾਂ ਸਿਆਸਤਦਾਨਾਂ ਵੱਲੋਂ ਜਾਤੀ ਆਧਾਰਿਤ ਰਾਖਵਾਂਕਰਨ ਦਾ ਇਕਮਾਤਰ ਹੱਲ ਪੇਸ਼ ਕਰ ਦਿੱਤਾ ਜਾਂਦਾ ਹੈ। ਬਿਹਾਰ ਵਿਧਾਨ ਸਭਾ ਵਿੱਚ ਹਾਲ ਹੀ ਵਿੱਚ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਰਾਖਵਾਂਕਰਨ 60 ਫ਼ੀਸਦ ਤੋਂ ਵਧਾ ਕੇ 75 ਫ਼ੀਸਦ ਕਰਨ ਲਈ ਇੱਕ ਬਿੱਲ ਪਾਸ ਕੀਤਾ ਗਿਆ ਹੈ। ਬਿਹਾਰ ਦੇ ਜਾਤੀ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਸੂਬੇ ਅੰਦਰ ਹਰ ਤਿੰਨ ਪਰਿਵਾਰਾਂ 'ਚੋਂ ਇੱਕ ਪਰਿਵਾਰ ਗ਼ਰੀਬ ਹੈ। ਪਿਛਲੇ ਐਨੇ ਸਾਲਾਂ ਤੋਂ ਬਿਹਾਰ ਜਾਂ ਇਸੇ ਤਰ੍ਹਾਂ ਦੇ ਹੋਰ ਸੂਬਿਆਂ ਵਿੱਚ ਹਾਕਮ ਜਮਾਤਾਂ ਕੀ ਕਰ ਰਹੀਆਂ ਸਨ ? ਇਨ੍ਹਾਂ ਕੋਲ ਬੇਸ਼ੁਮਾਰ ਸ਼ਕਤੀ ਰਹੀ ਹੈ, ਪਰ ਇਨ੍ਹਾਂ ਨੂੰ ਗ਼ਰੀਬੀ ਦੀ ਕੋਈ ਚਿੰਤਾ ਨਹੀਂ ਰਹੀ।

ਕੇਂਦਰ ਵਿਚਲੇ ਹਾਕਮ ਸਾਨੂੰ ਦੱਸਦੇ ਹਨ ਕਿ ਜਾਤੀ ਸਰਵੇਖਣ ਰਾਸ਼ਟਰ ਦੇ ਖਿਲਾਫ਼ ਹੈ। ਦੋਵੇਂ ਧਿਰਾਂ ਬਹੁਤ ਹੀ ਚਲਾਕੀ ਨਾਲ ਗ਼ਰੀਬੀ ਦੇ ਹੱਲ ਭਾਵ ਸਰੋਤਾਂ ਦੀ ਪੁਨਰ ਵੰਡ ਨੂੰ ਅੱਖੋਂ ਪਰੋਖੇ ਕਰ ਦਿੰਦੀਆਂ ਹਨ। ਕੀ ਸਾਡੀਆਂ ਸੱਤਾਧਾਰੀ ਪਾਰਟੀਆਂ ਵਾਕਈ ਅਣਜਾਣ ਹਨ ਕਿ ਰੁਜ਼ਗਾਰ ਪੈਦਾ ਕਰਨ ਅਤੇ ਪ੍ਰਗਤੀਸ਼ੀਲ ਟੈਕਸਦਾਰੀ (ਘੱਟ ਆਮਦਨ 'ਤੇ ਘੱਟ ਅਤੇ ਜ਼ਿਆਦਾ ਆਮਦਨ 'ਤੇ ਜ਼ਿਆਦਾ ਆਮਦਨ ਕਰ ਲਾਉਣ) ਜ਼ਰੀਏ ਸਰੋਤਾਂ ਦੀ ਮੁੜ ਵੰਡ ਕਰਨ ਲਈ ਸੱਤਾ ਦਾ ਰਚਨਾਤਮਿਕ ਤਰੀਕੇ ਨਾਲ ਉਪਯੋਗ ਕੀਤਾ ਜਾ ਸਕਦਾ ਹੈ ? ਉਨ੍ਹਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਰਜ ਕੀਤੀ ਗਈ ਬਰਾਬਰੀ ਦੀ ਬੁਨਿਆਦੀ ਕੀਮਤ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਹ ਅਜਿਹੇ ਬੁਨਿਆਦੀ ਸਵਾਲਾਂ ਨਾਲ ਖੌਝਲਣ ਤੋਂ ਇਨਕਾਰ ਕਰ ਦਿੰਦੇ ਹਨ ਜਿਨ੍ਹਾਂ ਬਾਰੇ ਹਰ ਸਹੀ ਸੋਚ ਵਾਲੇ ਭਾਰਤੀ ਨੂੰ ਸੋਚਣਾ ਚਾਹੀਦਾ ਹੈ ਕਿ ਲੋਕ ਗ਼ਰੀਬ ਕਿਉਂ ਹਨ ? ਉਹ ਗ਼ਰੀਬ ਕਿਉਂ ਬਣੇ ਰਹਿਣ ?

ਹੇਗਲ ਨੇ ਪਹਿਲੇ ਸਵਾਲ ਦਾ ਜਵਾਬ ਦਿੱਤਾ ਹੈ: ''ਇੱਕ ਵਾਰ ਜਦੋਂ ਸਮਾਜ ਸਥਾਪਤ ਹੋ ਜਾਂਦਾ ਹੈ ਤਾਂ ਫ਼ੌਰੀ ਤੌਰ 'ਤੇ ਗ਼ਰੀਬੀ ਕਿਸੇ ਇੱਕ ਵਰਗ ਵੱਲੋਂ ਕਿਸੇ ਦੂਜੇ ਵਰਗ ਨਾਲ ਕੀਤੀ ਗਈ ਨਾਇਨਸਾਫ਼ੀ ਦੇ ਠੋਸ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ।'' ਗ਼ਰੀਬੀ ਇੱਕ ਗ਼ੈਰਵਾਜਿਬ ਅਤੇ ਅਸਾਵੀਂ ਸਮਾਜਿਕ ਵਿਵਸਥਾ ਦਾ ਸਿੱਟਾ ਹੁੰਦੀ ਹੈ। ਇਹ ਲੋਕਾਂ ਨੂੰ ਮਹਿਰੂਮੀ, ਜ਼ਿੱਲਤ ਅਤੇ ਨਾਉਮੀਦੀ ਦੇ ਕਦੇ ਨਾ ਖ਼ਤਮ ਹੋਣ ਵਾਲੇ ਚੱਕਰ ਵਿੱਚ ਕੈਦ ਕਰ ਲੈਂਦੀ ਹੈ। ਇਸ ਤੋਂ ਅਗਾਂਹ ਦੂਜੇ ਸਵਾਲ ਦਾ ਜਵਾਬ ਆਉਂਦਾ ਹੈ। ਜੇ ਗ਼ਰੀਬੀ ਦੀ ਰਚਨਾ ਅਤੇ ਮੁੜ ਪੈਦਾਵਾਰ ਲਈ ਸਮਾਜ ਕਸੂਰਵਾਰ ਹੈ ਤਾਂ ਇਸ ਨੂੰ ਮਿਟਾਉਣ ਲਈ ਇਸ ਨੂੰ ਜ਼ਿੰਮੇਵਾਰ ਵੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਸਮਾਜ ਵਿੱਚ ਅਮੀਰਾਂ ਕੋਲ ਆਪਣੀ ਜ਼ਰੂਰਤ ਤੋਂ ਬਹੁਤ ਜ਼ਿਆਦਾ ਸਾਧਨ ਹਨ ਜਦਕਿ 80 ਕਰੋੜ ਭਾਰਤੀਆਂ ਨੂੰ ਮੁਫ਼ਤ ਅਨਾਜ ਦਿੱਤਾ ਜਾਵੇਗਾ ਕਿਉਂਕਿ ਉਹ ਭੁੱਖੇ ਪੇਟ ਸੌਂਦੇ ਹਨ। ਗ਼ਰੀਬ ਜਨਤਾ ਇੱਕ ਸੁਚੱਜੇ ਮਨੁੱਖੀ ਜੀਵਨ ਦੇ ਪੱਧਰ ਤੋਂ ਬਹੁਤ ਹੇਠਾਂ ਜ਼ਿੰਦਗੀ ਬਸਰ ਕਰਦੀ ਹੈ। ਇਹ ਬਹੁਤ ਕੋਝਾ ਨਜ਼ਰ ਆਉਂਦਾ ਹੈ।

ਗ਼ਰੀਬੀ ਦੇ ਹੋਰ ਵੀ ਕਈ ਪੱਖ ਹਨ। ਲੋਕ ਮਹਿਜ਼ ਗ਼ਰੀਬ ਹੀ ਨਹੀਂ ਹੁੰਦੇ ਸਗੋਂ ਉਹ ਸਮਾਜਿਕ ਤੌਰ 'ਤੇ ਹਾਸ਼ੀਆਗਤ ਅਤੇ ਸਿਆਸੀ ਤੌਰ 'ਤੇ ਅਰਥਹੀਣ ਵੀ ਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਸਿਰਫ਼ ਇੱਕ ਵੋਟ ਹੁੰਦੀ ਹੈ, ਪਰ ਉਨ੍ਹਾਂ ਦੀ ਆਵਾਜ਼ ਨਹੀਂ ਹੁੰਦੀ ਅਤੇ ਅਕਸਰ ਉਨ੍ਹਾਂ ਨੂੰ ਵਾਰ ਵਾਰ ਅਪਮਾਨਤ ਕੀਤਾ ਜਾਂਦਾ ਹੈ। ਗ਼ਰੀਬ ਹੋਣ ਦਾ ਅਰਥ ਹੁੰਦਾ ਹੈ ਕਿ ਕਿਸੇ ਨੂੰ ਸਮਾਨਤਾ ਦੇ ਆਧਾਰ 'ਤੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਲੈਣ-ਦੇਣ ਵਿੱਚ ਹਿੱਸੇਦਾਰ ਬਣਨ ਦੇ ਹੱਕ ਤੋਂ ਵਿਰਵਾ ਕਰ ਦੇਣਾ। ਇਸ ਲਈ ਗ਼ਰੀਬੀ ਦਾ ਮਤਲਬ ਸਿਰਫ਼ ਸਰੋਤਾਂ ਤੱਕ ਰਸਾਈ ਦੀ ਘਾਟ ਹੀ ਨਹੀਂ ਹੁੰਦੀ ਸਗੋਂ ਇਸ ਦਾ ਸਬੰਧ ਗ਼ੈਰਬਰਾਬਰੀ ਨਾਲ ਹੁੰਦਾ ਹੈ।

ਭਾਵੇਂ ਗ਼ਰੀਬੀ ਦਾ ਨਿਰਪੇਖ ਰੂਪ ਵਿੱਚ ਸਿਧਾਂਤ ਘੜਿਆ ਜਾ ਸਕਦਾ ਹੈ, ਪਰ ਗ਼ੈਰਬਰਾਬਰੀ ਸਾਪੇਖਕ ਹੁੰਦੀ ਹੈ। ਲੋਕ ਇਸ ਲਈ ਗ਼ਰੀਬ ਹੁੰਦੇ ਹਨ ਕਿਉਂਕਿ ਕੁਝ ਲੋਕਾਂ ਨੇ ਸਮਾਜ ਦੇ ਸਰੋਤਾਂ 'ਤੇ ਕਬਜ਼ਾ ਜਮਾ ਲਿਆ ਹੁੰਦਾ ਹੈ। ਗ਼ੈਰਬਰਾਬਰੀ ਦੀ ਹੱਦ ਦੇਖੋ: ਚੁਣੇ ਹੋਏ ਸਿਆਸਤਦਾਨ ਲਗਜ਼ਰੀ ਕਾਰਾਂ ਵਿੱਚ ਸਫ਼ਰ ਕਰਦੇ ਹਨ, ਡਿਜ਼ਾਈਨਰ ਕੱਪੜੇ, ਮਹਿੰਗੀਆਂ ਘੜੀਆਂ ਅਤੇ ਧੁੱਪ ਵਾਲੀਆਂ ਐਨਕਾਂ ਪਹਿਨਦੇ ਹਨ ਅਤੇ ਮਹੱਲਨੁਮਾ ਘਰਾਂ ਵਿੱਚ ਰਹਿੰਦੇ ਹਨ ਜਦਕਿ ਗ਼ਰੀਬਾਂ ਦੇ ਬੱਚੇ ਟਰੈਫਿਕ ਲਾਈਟਾਂ 'ਤੇ ਖੜ੍ਹ ਕੇ ਭੀਖ ਮੰਗਦੇ ਹਨ। ਜਦੋਂ ਤੱਕ ਅਸੀਂ ਪਿਛੋਕੜ ਦੀਆਂ ਗ਼ੈਰਬਰਾਬਰੀਆਂ 'ਤੇ ਧਿਆਨ ਨਹੀਂ ਦਿੰਦੇ ਤਾਂ ਫਿਰ ਕੀ ਗ਼ਰੀਬੀ ਅਨੰਤ ਕਾਲ ਤੱਕ ਮੁੜ ਘਿੜ ਪੈਦਾ ਹੁੰਦੀ ਨਹੀਂ ਰਹੇਗੀ ? ਗ਼ਰੀਬੀ ਸਮਾਜ ਦੇ ਇਖ਼ਲਾਕ ਦਾ ਮਾੜਾ ਅਕਸ ਬਣਾਉਂਦੀ ਹੈ; ਇਹ ਮਨੁੱਖੀ ਲੋੜਾਂ ਪ੍ਰਤੀ ਉਦਾਸੀਨ ਮਾੜੀ ਰਾਜਨੀਤੀ ਦਾ ਸਿੱਟਾ ਵੀ ਹੁੰਦੀ ਹੈ।

ਸਮਤਾਵਾਦੀ ਇਸ ਗੱਲ ਤੋਂ ਮੁਨਕਰ ਨਹੀਂ ਹੁੰਦੇ ਕਿ ਲੋਕਾਂ ਨੂੰ ਉੱਦਮਸ਼ੀਲਤਾ ਦਾ ਲਾਭ ਮਿਲਣਾ ਚਾਹੀਦਾ ਹੈ। ਉਹ ਇਹ ਚਾਹੁੰਦੇ ਹਨ ਕਿ ਸਾਰੇ ਲੋਕਾਂ ਨੂੰ ਅਜਿਹੇ ਮੌਕਿਆਂ ਤੱਕ ਬਰਾਬਰ ਦੀ ਰਸਾਈ ਦਿੱਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਸਦਕਾ ਉਹ ਆਪਣੀਆਂ ਪ੍ਰਤਿਭਾਵਾਂ ਅਤੇ ਹੁਨਰਾਂ ਨੂੰ ਨਿਖਾਰ ਸਕਦੇ ਹਨ ਤਾਂ ਕਿ ਉਹ ਚੰਗੀ ਜ਼ਿੰਦਗੀ ਬਤੀਤ ਕਰ ਸਕਣ। ਸਮਤਾਵਾਦੀ ਚਾਹੁੰਦੇ ਹਨ ਕਿ ਸਮਾਜ ਇਹ ਗੱਲ ਪ੍ਰਵਾਨ ਕਰੇ ਕਿ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਬੱਝਵੇਂ ਢੰਗ ਨਾਲ ਲੋਕਾਂ ਨੂੰ ਮਹਿਰੂਮੀ ਵਿੱਚ ਰੱਖਦੀਆਂ ਹਨ ਅਤੇ ਉਨ੍ਹਾਂ ਨੂੰ ਮੌਕਿਆਂ ਤੱਕ ਰਸਾਈ ਕਰਨ ਤੋਂ ਰੋਕਦੀਆਂ ਹਨ। ਰਚਨਾਤਮਿਕ ਅਤੇ ਕਲਪਨਾਸ਼ੀਲ ਸਿਆਸੀ ਦਖ਼ਲਅੰਦਾਜ਼ੀਆਂ ਜ਼ਰੀਏ ਸਿੱਖਿਆ ਤੇ ਸਿਹਤ ਦੀ ਵਿਵਸਥਾ ਅਤੇ ਪ੍ਰਗਤੀਸ਼ੀਲ ਟੈਕਸਦਾਰੀ ਜ਼ਰੀਏ ਸਰੋਤਾਂ ਦੀ ਮੁੜ ਵੰਡ ਕੀਤੀ ਜਾ ਸਕਦੀ ਹੈ। ਇਸ ਨੂੰ ਸਾਡੇ ਨਾਗਰਿਕਾਂ ਪ੍ਰਤੀ ਬਣਦੀਆਂ ਸਾਡੀਆਂ ਪਾਵਨ ਜ਼ਿੰਮੇਵਾਰੀਆਂ ਦੇ ਰੂਪ ਵਿੱਚ ਵਾਜਿਬ ਠਹਿਰਾਇਆ ਜਾ ਸਕਦਾ ਹੈ। ਜੇ ਅਤੀਤ ਦੀਆਂ ਗ਼ੈਰਬਰਾਬਰੀਆਂ ਕੁਝ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਲਈ ਮਜਬੂਰ ਕਰਦੀਆਂ ਹਨ ਤਾਂ ਇਸ ਨੂੰ ਸਾਡੇ ਸੰਵਿਧਾਨ ਵਿੱਚ ਗਾਰੰਟੀ ਵਜੋਂ ਦਰਜ ਕੀਤੇ ਗਏ ਬਰਾਬਰੀ ਦੇ ਹੱਕ ਦੀ ਗੰਭੀਰ ਅਵੱਗਿਆ ਮੰਨਿਆ ਜਾਣਾ ਚਾਹੀਦਾ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਸ ਮੁਲਕ ਅੰਦਰ ਗਰੀਬੀ ਮਹਿਜ਼ ਇੱਕ ਆਰਥਿਕ ਮੁੱਦਾ ਨਹੀਂ ਹੈ। ਗਰੀਬਾਂ ਦੀ ਚੋਖੀ ਗਿਣਤੀ ਲੋਕ ਅਨੁਸੂਚਿਤ ਜਾਤੀਆਂ, ਪੱਛੜੀਆਂ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧ ਰੱਖਦੀ ਹੈ। ਰਾਖਵਾਂਕਰਨ ਬੁਨਿਆਦੀ ਤੌਰ 'ਤੇ ਦੋਹਰੇ ਰੂਪ ਵਿੱਚ ਮਹਿਰੂਮ ਤਬਕਿਆਂ ਲਈ ਵਿਉਂਤਿਆ ਗਿਆ ਸੀ – ਭਾਵ ਜਿਹੜੇ ਲੋਕ ਆਰਥਿਕ ਤੌਰ 'ਤੇ ਮਹਿਰੂਮ

ਨੀਰਾ ਚੰਡੋਕ

ਲੇਖਕਾ ਇੱਕ ਰਾਜਨੀਤਕ ਸ਼ਾਸਤਰੀ ਹੈ

ਹਨ ਕਿਉਂਕਿ ਉਨ੍ਹਾਂ ਦੇ ਖਿਲਾਫ਼ ਸਮਾਜਿਕ ਤੌਰ 'ਤੇ ਵਿਤਕਰਾ ਕੀਤਾ ਗਿਆ ਸੀ। ਕਈ ਸਾਲਾਂ ਬਾਅਦ ਰਾਖਵਾਂਕਰਨ ਦੇ ਦਾਇਰੇ ਨੂੰ ਵਸੀਹ ਕਰ ਕੇ ਇਸ ਵਿੱਚ ਪੱਛੜੀਆਂ ਜਾਤੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਨੂੰ ਸ਼ਾਮਲ ਕਰ ਲਿਆ ਗਿਆ। ਇਸ ਪ੍ਰਕਿਰਿਆ ਦੌਰਾਨ ਸਰੋਤਾਂ ਦੀ ਮੁੜ ਵੰਡ ਦਾ ਸਵਾਲ ਸਿਆਸੀ ਏਜੰਡੇ ਤੋਂ ਗਾਇਬ ਹੋ ਗਿਆ ਅਤੇ ਇਸ ਦੀ ਥਾਂ ਰਾਖਵਾਂਕਰਨ ਨੇ ਲੈ ਲਈ। ਇਹ ਸੌਖਾ ਰਾਹ ਬਣ ਗਿਆ। ਜਿਵੇਂ ਜਿਵੇਂ ਰਾਖਵੇਂਕਰਨ ਦੀ ਮੰਗ ਜ਼ੋਰ ਫੜਨ ਲੱਗੀ ਤਾਂ ਰਸਮੀ ਬਰਾਬਰੀ ਤੋਂ ਇਹ ਤੋੜ ਵਿਛੋੜੇ ਦੀ ਮੌਲਿਕ ਵਾਜਬੀਅਤ ਹੋਰ ਔਖੀ ਬਣ ਗਈ।

ਜੇ ਰਾਖਵੇਂਕਰਨ ਨੂੰ ਦੋਇਮ ਦਰਜੇ ਦੇ ਸਿਧਾਂਤ ਦੇ ਤੌਰ 'ਤੇ ਦੇਖਿਆ ਜਾਵੇ ਤਾਂ ਸਿਆਸੀ ਮੰਗਾਂ ਉੱਪਰ ਜ਼ਿਆਦਾਤਰ ਅਸੰਤੋਸ਼ ਨੂੰ ਸੁਲਝਾਇਆ ਜਾ ਸਕਦਾ ਹੈ। ਪਹਿਲ ਸਰੋਤਾਂ ਦੀ ਮੁੜ ਵੰਡ ਨੂੰ ਦਿੱਤੀ ਜਾਣੀ ਚਾਹੀਦੀ ਹੈ। ਪਰ ਸਾਡੀਆਂ ਹਾਕਮ ਜਮਾਤਾਂ ਲਈ ਮੁੜ ਵੰਡ ਬਹੁਤ ਵੱਡਾ ਕਾਰਜ ਹੈ। ਇਸ ਦੀ ਬਜਾਇ ਉਹ ਆਪਣੀ ਬਦਇੰਤਜ਼ਾਮੀ ਦੀ ਪਰਦਾਪੋਸ਼ੀ ਲਈ ਰਾਖਵਾਂਕਰਨ ਦਾ ਪੱਤਾ ਦੇਣਾ ਚਾਹੁਣਗੇ। ਇਸ ਨੁਕਸਦਾਰ ਨਜ਼ਰੀਏ ਨੂੰ ਤਾਂ ਹੀ ਠੀਕ ਕੀਤਾ ਜਾ ਸਕਦਾ ਹੈ ਜੇ ਅਸੀਂ ਇਸ ਗੱਲ 'ਤੇ ਸਹਿਮਤ ਹੋ ਸਕੀਏ ਕਿ ਲੋਕਾਂ ਨੂੰ ਉਨ੍ਹਾਂ ਚੀਜ਼ਾਂ 'ਤੇ ਬੁਨਿਆਦੀ ਹੱਕ ਹੁੰਦਾ ਹੈ ਜਿਸ ਦੀ ਵਰਤੋਂ ਕਰ ਕੇ ਉਹ ਸਮਾਜ ਵੱਲੋਂ ਮੁਹੱਈਆ ਕਰਵਾਏ ਜਾਂਦੇ ਮੌਕਿਆਂ ਦਾ ਲਾਭ ਲੈਣ ਦੇ ਯੋਗ ਹੋ ਸਕਦੇ ਹਨ। ਇਸ ਤੋਂ ਬਾਅਦ ਦੋਹਰੀ ਨਾਇਨਸਾਫ਼ੀ ਵਾਲੇ ਲੋਕਾਂ ਦੀ ਵਿਸ਼ੇਸ਼ ਸੁਰੱਖਿਆ ਕੀਤੀ ਜਾ ਸਕਦੀ ਹੈ। ਇਸ ਮੰਤਵ ਲਈ ਸਾਨੂੰ ਗ਼ਰੀਬੀ ਉੱਪਰ ਸਿਆਸੀ ਬਿਰਤਾਂਤ ਨੂੰ ਮੁੜ ਵੰਡਕਾਰੀ ਇਨਸਾਫ਼ ਤੱਕ ਵਧਾਉਣਾ ਪਵੇਗਾ।

ਨੀਰਾ ਚੰਡੋਕ

*ਲੇਖਕਾ ਇੱਕ ਰਾਜਨੀਤਕ ਸ਼ਾਸਤਰੀ ਹੈ।ਜਰਮਨ ਦਾਰਸ਼ਨਿਕ ਵਿਲਹੈਲਮ ਫ਼ੈਡਰਿਕ ਹੇਗਲ ਨੇ 1820 ਵਿੱਚ ਆਪਣੀ ਮੌਲਿਕ ਰਚਨਾ 'ਐਲੀਮੈਂਟਸ ਆਫ ਦਿ ਫਿਲਾਸਫੀ ਆਫ ਰਾਈਟ' ਵਿੱਚ ਟਿੱਪਣੀ ਕੀਤੀ ਸੀ ਕਿ ''ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀਆਂ ਸਮੱਸਿਆਵਾਂ 'ਚੋਂ ਇੱਕ ਗ਼ਰੀਬੀ ਨੂੰ ਕਿੰਝ ਖਤਮ ਕੀਤਾ ਜਾਵੇ। ਇਹ ਇੱਕ ਅਜਿਹਾ ਅਹਿਮ ਸਵਾਲ ਹੈ ਜੋ ਆਧੁਨਿਕ ਸਮਾਜ ਦੇ ਮਨ ਵਿੱਚ ਖੌਲਦਾ ਰਹਿੰਦਾ ਹੈ।'' ਅਸੀਂ 2023 ਦੇ ਅਖੀਰ ਵਿੱਚ ਅੱਪੜ ਗਏ ਹਾਂ; ਭਾਰਤ ਜਿਹੇ ਮੁਲਕਾਂ ਵਿੱਚ ਗ਼ਰੀਬੀ ਅਜੇ ਵੀ ਨਾਸੂਰ ਦੀ ਤਰ੍ਹਾਂ ਫੈਲਦੀ ਜਾ ਰਹੀ ਹੈ, ਪਰ ਇਸ ਨੂੰ ਖ਼ਤਮ ਕਿਵੇਂ ਕੀਤਾ ਜਾਵੇ, ਇਸ ਨੂੰ ਲੈ ਕੇ ਕੋਈ ਵੀ ਧਿਰ ਪਰੇਸ਼ਾਨ ਨਜ਼ਰ ਨਹੀਂ ਆ ਰਹੀ।

ਜਦੋਂ ਚੋਣਾਂ ਨੇੜੇ ਆ ਜਾਂਦੀਆਂ ਹਨ ਤਾਂ ਸਿਆਸਤਦਾਨਾਂ ਵੱਲੋਂ ਜਾਤੀ ਆਧਾਰਿਤ ਰਾਖਵਾਂਕਰਨ ਦਾ ਇਕਮਾਤਰ ਹੱਲ ਪੇਸ਼ ਕਰ ਦਿੱਤਾ ਜਾਂਦਾ ਹੈ। ਬਿਹਾਰ ਵਿਧਾਨ ਸਭਾ ਵਿੱਚ ਹਾਲ ਹੀ ਵਿੱਚ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਰਾਖਵਾਂਕਰਨ 60 ਫ਼ੀਸਦ ਤੋਂ ਵਧਾ ਕੇ 75 ਫ਼ੀਸਦ ਕਰਨ ਲਈ ਇੱਕ ਬਿੱਲ ਪਾਸ ਕੀਤਾ ਗਿਆ ਹੈ। ਬਿਹਾਰ ਦੇ ਜਾਤੀ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਸੂਬੇ ਅੰਦਰ ਹਰ ਤਿੰਨ ਪਰਿਵਾਰਾਂ 'ਚੋਂ ਇੱਕ ਪਰਿਵਾਰ ਗ਼ਰੀਬ ਹੈ। ਪਿਛਲੇ ਐਨੇ ਸਾਲਾਂ ਤੋਂ ਬਿਹਾਰ ਜਾਂ ਇਸੇ ਤਰ੍ਹਾਂ ਦੇ ਹੋਰ ਸੂਬਿਆਂ ਵਿੱਚ ਹਾਕਮ ਜਮਾਤਾਂ ਕੀ ਕਰ ਰਹੀਆਂ ਸਨ ? ਇਨ੍ਹਾਂ ਕੋਲ ਬੇਸ਼ੁਮਾਰ ਸ਼ਕਤੀ ਰਹੀ ਹੈ, ਪਰ ਇਨ੍ਹਾਂ ਨੂੰ ਗ਼ਰੀਬੀ ਦੀ ਕੋਈ ਚਿੰਤਾ ਨਹੀਂ ਰਹੀ।

ਕੇਂਦਰ ਵਿਚਲੇ ਹਾਕਮ ਸਾਨੂੰ ਦੱਸਦੇ ਹਨ ਕਿ ਜਾਤੀ ਸਰਵੇਖਣ ਰਾਸ਼ਟਰ ਦੇ ਖਿਲਾਫ਼ ਹੈ। ਦੋਵੇਂ ਧਿਰਾਂ ਬਹੁਤ ਹੀ ਚਲਾਕੀ ਨਾਲ ਗ਼ਰੀਬੀ ਦੇ ਹੱਲ ਭਾਵ ਸਰੋਤਾਂ ਦੀ ਪੁਨਰ ਵੰਡ ਨੂੰ ਅੱਖੋਂ ਪਰੋਖੇ ਕਰ ਦਿੰਦੀਆਂ ਹਨ। ਕੀ ਸਾਡੀਆਂ ਸੱਤਾਧਾਰੀ ਪਾਰਟੀਆਂ ਵਾਕਈ ਅਣਜਾਣ ਹਨ ਕਿ ਰੁਜ਼ਗਾਰ ਪੈਦਾ ਕਰਨ ਅਤੇ ਪ੍ਰਗਤੀਸ਼ੀਲ ਟੈਕਸਦਾਰੀ (ਘੱਟ ਆਮਦਨ 'ਤੇ ਘੱਟ ਅਤੇ ਜ਼ਿਆਦਾ ਆਮਦਨ 'ਤੇ ਜ਼ਿਆਦਾ ਆਮਦਨ ਕਰ ਲਾਉਣ) ਜ਼ਰੀਏ ਸਰੋਤਾਂ ਦੀ ਮੁੜ ਵੰਡ ਕਰਨ ਲਈ ਸੱਤਾ ਦਾ ਰਚਨਾਤਮਿਕ ਤਰੀਕੇ ਨਾਲ ਉਪਯੋਗ ਕੀਤਾ ਜਾ ਸਕਦਾ ਹੈ ? ਉਨ੍ਹਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਰਜ ਕੀਤੀ ਗਈ ਬਰਾਬਰੀ ਦੀ ਬੁਨਿਆਦੀ ਕੀਮਤ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਹ ਅਜਿਹੇ ਬੁਨਿਆਦੀ ਸਵਾਲਾਂ ਨਾਲ ਖੌਝਲਣ ਤੋਂ ਇਨਕਾਰ ਕਰ ਦਿੰਦੇ ਹਨ ਜਿਨ੍ਹਾਂ ਬਾਰੇ ਹਰ ਸਹੀ ਸੋਚ ਵਾਲੇ ਭਾਰਤੀ ਨੂੰ ਸੋਚਣਾ ਚਾਹੀਦਾ ਹੈ ਕਿ ਲੋਕ ਗ਼ਰੀਬ ਕਿਉਂ ਹਨ ? ਉਹ ਗ਼ਰੀਬ ਕਿਉਂ ਬਣੇ ਰਹਿਣ ?

ਭਾਵੇਂ ਗ਼ਰੀਬੀ ਦਾ ਨਿਰਪੇਖ ਰੂਪ ਵਿੱਚ ਸਿਧਾਂਤ ਘੜਿਆ ਜਾ ਸਕਦਾ ਹੈ, ਪਰ ਗ਼ੈਰਬਰਾਬਰੀ ਸਾਪੇਖਕ ਹੁੰਦੀ ਹੈ। ਲੋਕ ਇਸ ਲਈ ਗ਼ਰੀਬ ਹੁੰਦੇ ਹਨ ਕਿਉਂਕਿ ਕੁਝ ਲੋਕਾਂ ਨੇ ਸਮਾਜ ਦੇ ਸਰੋਤਾਂ 'ਤੇ ਕਬਜ਼ਾ ਜਮਾ ਲਿਆ ਹੁੰਦਾ ਹੈ। ਗ਼ੈਰਬਰਾਬਰੀ ਦੀ ਹੱਦ ਦੇਖੋ: ਚੁਣੇ ਹੋਏ ਸਿਆਸਤਦਾਨ ਲਗਜ਼ਰੀ ਕਾਰਾਂ ਵਿੱਚ ਸਫ਼ਰ ਕਰਦੇ ਹਨ, ਡਿਜ਼ਾਈਨਰ ਕੱਪੜੇ, ਮਹਿੰਗੀਆਂ ਘੜੀਆਂ ਅਤੇ ਧੁੱਪ ਵਾਲੀਆਂ ਐਨਕਾਂ ਪਹਿਨਦੇ ਹਨ ਅਤੇ ਮਹੱਲ

ਲਾਂਗਾ ਪੱਥਰ ਗੇਲਾ (ਕਹਾਣੀ)

ਗਿੰਦਰਾ, ਉਏ ਗਿੰਦਰਾ। ਡਾਕੂਆਂ ਦੇ ਜੱਗਸੀਰ ਨੇ ਗਿੰਦਰ ਕੇ ਬੂਹੇ ਅੱਗੇ ਮੋਟਰ ਸਾਈਕਲ ਖੜ੍ਹਾ ਕਰਕੇ ਉਸ ਨੂੰ ਉੱਚੀ ਉੱਚੀ ਦੋ ਆਵਾਜ਼ਾਂ ਮਾਰੀਆਂ। ਆਥਣ ਦਾ ਘੁਸਮੁਸਾ ਜਾ ਹੋ ਰਿਹਾ ਸੀ। ਵਿਸਾਖ ਮਹੀਨੇ ਦੇ ਪਹਿਲੇ ਪੱਖ ਨੇ ਹੀ ਆਪਣੀ ਆਮਦ ਉੱਤੇ ਕਣਕਾਂ ਦਾ ਰੰਗ ਵਟਾਅ ਦਿੱਤਾ ਸੀ ਅਤੇ ਵਾਢੀ ਲਈ ਦਾਤੀ ਪੈ ਗਈ ਸੀ। ਦੂਰ ਦੂਰ ਤੱਕ ਨਜ਼ਰ ਤੱਕਦੇ ਹੀ ਖੇਤਾਂ ਵਿੱਚ ਸੁਨਹਿਰੀ ਭਾਅ ਮਾਰ ਰਹੀ ਸੀ। ਡੁੱਬ ਰਹੇ ਸੂਰਜ ਨਾਲ਼, ਚੋਗਾ ਚੁਗਣ ਗਏ ਪੰਛੀ ਆਥਣੇ ਆਪਣੇ ਆਲ੍ਹਣਿਆਂ ਵੱਲ ਵਹੀਰਾਂ ਘੱਤ ਪਰਤ ਰਹੇ ਸਨ ਅਤੇ ਅਜੇ ਵੀ ਤੱਤੀ ਲੂਅ ਪਿੰਡੇ ਨੂੰ ਲੂੰਹਦੀ ਸੀ। ਗਿੰਦਰ ਅਜੇ ਹੁਣੇ ਹੀ ਖੇਤੋਂ ਕਣਕ ਵੱਢ ਕੇ ਘਰ ਆਇਆ ਸੀ। ਉਸਦੇ ਪਿੰਡੇ ਤੇ ਕਣਕ ਦੀ ਸਾਰੇ ਦਿਨ ਦੀ ਪਈ ਕੰਡ ਲੜ ਰਹੀ ਸੀ। ਸਿਰ ਤੇ ਬੰਨ੍ਹਿਆ ਸਾਫ਼ਾ ਲਾਹ ਉਸ ਨੇ ਧੌਣ ਤੇ ਆਏ ਮੁੜ੍ਹਕੇ ਨੂੰ ਪੂੰਝਿਆ ਤਾਂ ਉਸ ਦੇ ਸਾਫ਼ੇ ਵਿੱਚ ਲੱਗੇ ਕਸੀਰ ਧੌਣ ਉੱਤੇ ਚੁੱਭ ਗਏ। ਹਾਂ ਬਾਈ ,ਕੌਣ ਆ ? ਔਨਾ । ਉਸ ਨੇ ਵਿਹੜੇ ਵਿੱਚੋਂ ਹੀ ਅਵਾਜ਼ ਦਿੱਤੀ ਅਤੇ ਉਸੇ ਸਾਫ਼ੇ ਨੂੰ ਝਾੜ ਕੇ ਲੱਕ ਦੁਆਲ਼ੇ ਲਪੇਟ ਲਿਆ।ਬੂਹਾ ਖੋਲਦੇ ਹੀ ਗਿੰਦਰ ਬੋਲਿਆ, ÷ਜੱਗਸੀਰ ਬਾਈ ਆ, ਹਾਂ ਬਾਈ ,ਕੀ ਹੁਕਮ ਆ ?÷ ਗਿੰਦਰ ਨੇ ਸੱਜਾ ਹੱਥ ਆਪਣੇ ਮੱਥੇ ਵੱਲ ਨੂੰ ਉਲਾਰਦੇ ਹੋਏ ਪੁੱਛਿਆ।ਗਿੰਦਰਾ, ਦੋ ਕਿੱਲੇ ਨਿਆਈਂ ਵਾਲ਼ੀ ਕਣਕ ਦੇ ਆਏ ਪਏ ਨੇ , ਕੱਲ੍ਹ ਨੂੰ ਦਾਤੀ ਪਾ ਲਿਓ÷। ਜੱਗਸੀਰ ਨੇ ਮੋਟਰ ਸਾਈਕਲ ਤੇ ਬੈਠੇ ਨੇ ਕਿਹਾ ।ਬਾਈ, ਗੱਲ ਅਸਲ @ਚ ਇਹ ਆ ਕਿ ਮੇਜਰ ਕੇ ਤਿੰਨ ਦਿਨਾਂ ਦਾ ਕੰਮ ਰਹਿ ਗਿਆ, ਤਿੰਨ ਦਿਨ ਅਟਕ ਜਾ, ਫਿਰ ਤੇਰੇ ਲੱਗ ਜਾਂਗੇ, ਉਹ ਵੀ ਬਾਹਲ਼ੇ ਖਹਿੜੇ ਪੈਗੇ ਕਿ ਪਹਿਲਾਂ ਸਾਡੇ ਵੱਢੋ। ਗਿੰਦਰ, ਝੇਪ ਜਿਹੀ ਵਿੱਚ ਮਸਾਂ ਹੀ ਬੋਲਿਆ।ਓਏ, ਉਨ੍ਹਾਂ ਦੇ ਤੂੰ ਇੱਕ ਦਿਨ ਵੱਧ ਲਾ ਲਵੀਂ, ਸਾਡੇ ਭਰਜਾਈ ਤੇ ਜਬਾਕਾਂ ਨੂੰ ਘੱਲ ਦੇਵੀਂ ਕੱਲ੍ਹ ਨੂੰ÷। ਜੱਗਸੀਰ ਨੇ ਖਚਰੇ ਜੇ ਹਾਸੇ ਨਾਲ਼ ਕਿਹਾ।ਬਾਈ ਸਾਡੇ ਗਰੀਬਾਂ ਕੋਲ਼ੇ ਤਾਂ ਆਹ ਹੀ ਢਾਈ ਦਿਨ ਹੁੰਦੇ ਆ ,ਚਾਰ ਮਣ ਦਾਣੇ ਕੱਠੇ ਕਰਨ ਦੇ। ਚੱਲ ਕੋਈ ਨਾ ਦੇਖਦੇ ਹਾਂ ਤੜਕੇ, ਕਿਹੜੇ ਰਾਜੇ ਦੀ ਪਰਜਾ ਹੁੰਦੀ ਆ। ਗਿੰਦਰ ਨੇ ਬੇਬਸੀ ਜਿਹੀ ਜ਼ਾਹਿਰ ਕੀਤੀ। ਅਸਲ ਵਿੱਚ ਗਿੰਦਰ ਜੱਗਸੀਰ ਕੇ ਨਿਆਈਂ ਵਾਲੇ ਦੋ ਕਿੱਲੇ ਕਣਕ ਦੇ ਵੱਢਣ ਜਾਣਾ ਹੀ ਨਹੀਂ ਸੀ ਚਾਹੁੰਦਾ। ਸਾਲ਼ੇ ਢੇਡ ਨੇ, ਰਾਹ ਹੀ ਨਹੀਂ ਦਿੱਤਾ, ਜੱਗਸੀਰ ਮੂੰਹ ਵਿੱਚ ਹੀ ਬੁੜ- ਬੁੜਾਇਆ ਅਤੇ ਮੋਟਰਸਾਈਕਲ ਨੂੰ ਰੇਸ ਦੇ ਕੇ ਕੌਲੇ ਕੇ ਵਿਹੜੇ ਦੀ ਭੀੜੀ ਗਲੀ ਵਿੱਚੋਂ ਲੰਘ ਗਿਆ। ਜੱਗਸੀਰ ਕੇ ਲਾਣੇ ਨੂੰ ਸਾਰੇ ਗੰਗਾ ਪਿੰਡ ਵਿੱਚ ਡਾਕੂਆਂ ਕਾ ਲਾਣਾ ਕਹਿੰਦੇ ਸਨ। ਗੰਗਾ ,ਨਥਾਣੇ ਦੇ ਕੋਲ਼ ਛੋਟਾ ਜਿਹਾ ਪਿੰਡ ਹੈ। ਜੱਗਸੀਰ ਦੇ ਦਾਦੇ ਹੋਰੀ ਦੋ ਭਰਾ ਸਨ, ਜੈਬ ਤੇ ਨੈਬ। ਵੱਡਾ ਜੈਬ ਛੜਾ ਰਹਿ ਗਿਆ ਸੀ। ਛੋਟਾ ਨੈਬ ਕਾਮਾ ਹੋਣ ਕਰਕੇ ਵਿਆਹਾ ਗਿਆ ਸੀ। ਇਹਦੇ ਨੈਬ ਦੇ ਤਿੰਨ ਜਬਾਕ ਸਨ,ਦੋ ਕੁੜੀਆਂ ਤੇ ਇੱਕ ਮੁੰਡਾ। ਜੱਗਸੀਰ ਨੈਬ ਦਾ ਹੀ ਮੁੰਡਾ ਸੀ। ਜੈਬ ਵੈਲੀ ਸੀ ਅਤੇ ਡਾਕੂਆਂ ਨਾਲ ਰਲ਼ ਗਿਆ ਸੀ। ਨੇੜੇ -ਤੇੜੇ ਦੇ ਪਿੰਡਾਂ ਵਿੱਚ ਜੇ ਕਿਸੇ ਨੇ ਜ਼ਮੀਨ ਦਾ ਕਬਜ਼ਾ ਲੈਣਾ ਹੁੰਦਾ ਤਾਂ ਜੈਬ ਡਾਕੂ ਕੋਲ਼ੇ ਝੱਟ ਖ਼ਬਰ ਪਹੁੰਚ ਜਾਂਦੀ। ਉਹ ਸਾਝਰੇ ਹੀ ਚਿੱਟਾ ਕਲੀਆਂ ਵਾਲਾ ਕੁੜਤਾ ਪਾ , ਨਾਲ਼ ਚਿੱਟਾ ਹੀ ਚਾਦਰਾ, ਟੁਰਲੇ ਵਾਲੀ ਪੱਗ ਬੰਨ੍ਹ ਅਤੇ ਮੁੱਛਾਂ ਨੂੰ ਦੇ ਕੇ ਤਾਅ, ਦੁਨਾਲੀ ? ਮੋਢੇ ਲਟਕਾ ਕੇ ਲੱਕ ਨਾਲ਼ ਰੌਦਾਂ ਦੀ ਪੇਟੀ ਬੰਨ੍ਹ ਘੋੜੇ ਉੱਤੇ ਸਵਾਰ ਹੋ ਜਾਂਦਾ। ਉਸ ਦੀਆਂ ਮੋਟੀਆਂ ਮੋਟੀਆਂ ਅੱਖਾਂ ਵਿੱਚ ਅੰਗਾਰ ਦੱਗਦੇ ਸਨ। ਕੁਝ ਪਲ ਵੀ ਉਹਦੀਆਂ ਅੱਖਾਂ ਵੱਲ ਕੋਈ ਸਧਾਰਨ ਆਦਮੀ ਝਾਕ ਨਹੀਂ ਸੀ ਸਕਦਾ। ਗੰਗਾ ਦੇ ਆਸੇ ਪਾਸੇ ਦੇ ਪੰਜਾਹ ਪਿੰਡਾਂ ਦੇ ਲੋਕ ਨਥਾਣਾ,ਨਾਥਪੁਰਾ,ਗਿੱਦੜ, ਢੇਲਵਾਂ, ਪੂਹਲਾ ,ਪੂਹਲੀ, ਸੇਮਾ ਆਦਿ ਉਸ ਦੇ ਨਾਂ ਤੋਂ ਤ੍ਰਹਿੰਦੇ ਸਨ। ਜ਼ਮੀਨ ਦਾ ਕਬਜ਼ਾ ਲੈਣ ਪਿੱਛੋਂ ਜ਼ਮੀਨ ਦੇ ਮਾਲਕ ਉਸ ਨੂੰ ਕਿੱਲਾ ਜਾਂ ਦੋ ਕਿੱਲੇ ਜ਼ਮੀਨ ਬਖ਼ਸ਼ਿਸ਼ ਕਰ ਦਿੰਦੇ ਸਨ। ਵੱਢਾ- ਟੁੱਕੀ ਤੋਂ ਪਹਿਲਾਂ, ਅਬਾਦੀ ਘੱਟ ਹੋਣ ਕਰਕੇ ਉਹਨਾਂ ਸਮਿਆਂ ਵਿੱਚ ਜਮੀਨਾਂ ਖੁੱਲ੍ਹੀਆਂ ਹੋਇਆ ਕਰਦੀਆਂ ਸਨ। ਫਿਰ ਹੌਲੀ ਹੌਲੀ ਉਸਨੇ ਉਮਰ ਦੇ ਤਕਾਜ਼ੇ ਨਾਲ਼ ਜ਼ਮੀਨਾਂ ਦੇ ਕਬਜ਼ੇ ਲੈਣ ਜਾਣਾ ਛੱਡ ਦਿੱਤਾ, ਪਰ ਪਿੰਡ ਵਿੱਚ ਉਸਦਾ ਦਬਦਬਾ ਉਵੇਂ ਹੀ ਕਾਇਮ ਰਿਹਾ। ਹੁਣ ਉਹ ਕੀ ਕਰਦਾ ਕਿ ਪਿੰਡ ਦੇ ਹੀ ਕੁਝ ਥੋੜ੍ਹੀ ਜ਼ਮੀਨ ਵਾਲੇ ਵਿਹੜੇ ਵਾਲਿ ?ਆਂ ਦੀ ਜ਼ਮੀਨ ਦੇ ਉਹਨਾਂ ਨੂੰ ਥੋੜ੍ਹੇ ਪੈਸੇ ਦੇ ਕੇ ਅਤੇ ਵਹੀ ਉੱਤੇ ਦੁਗਣੇ ਪੈਸਿਆਂ ਦਾ ਅੰਗੂਠਾ ਲਵਾ ਕੇ ਹੜੱਪਣੀ ਸ਼ੁਰੂ ਕਰ ਦਿੱਤੀ। ਬਾਲਮੀਕੀਆਂ ਦਾ ਛੱਜੂ ਸੱਥ ਵਿੱਚ ਇਹ ਗੱਲ ਬੜੇ ਫ਼ਖ਼ਰ ਨਾਲ ਦੱਸਦਾ ਕਿ ਸਾਡੇ ਪੁਰਖਿਆਂ ਨੂੰ ਇਹ ਜ਼ਮੀਨ ਬਖ਼ਸ਼ਿਸ਼ ਵਿੱਚ ਮਿਲੀ ਹੋਈ ਹੈ। ਸਾਡੇ ਬਜ਼ੁਰਗਾਂ ਨੇ ਸਰਦਾਰਾਂ ਨਾਲ਼ ਲੜਾਈਆਂ ਵਿੱਚ ਹਿੱਸਾ ਲਿਆ, ਡਾਂਗ ਨਾਲ ਡਾਂਗ ਖੜਕਾਈ ਤਾਂ ਕਿਤੇ ਜਾ ਕੇ ਸਰਦਾਰਾਂ ਨੇ ਦਿੱਤੀਆਂ ਨੇ ਜ਼ਮੀਨਾਂ। ਨੈਬ ਨੇ ਜੈਬ ਨੂੰ ਬਹੁਤ ਵਾਰੀ ਸਮਝਾਇਆ ਵੀ, ਦੇਖ ਬਾਈ, ਕਬਜੇ ਲੈ ਲਾ ਜੀ ਸਦਕੇ ,ਪਰ ਪਿੰਡ ਵਿੱਚ ਇਹ ਕੰਮ ਨਾ ਕਰ, ਐਵੇਂ ਕਈ ਵਾਰ ਗਰੀਬ ਦੀ ਦੁਰਸੀਸ ਲੱਗ ਜਾਂਦੀ ਆ। ਓਏ ਨੈਬਿਆ, ਐਵੇਂ ਡਰੀ ਜਾਨਾ, ਮੇਰੀ ਕੋਈ ਸਾਲ਼ਾ ਵਾਅ ਵੱਲ ਨਹੀਂ ਝਾਕ ਸਕਦਾ, ਜੱਟ ਦੀ ਮੁੱਛ ਤੇ ਨਿੰਬੂ ਖੜਦੇ ਆ , ਸਾਲੇ ਦੀਆਂ ਅੱਖਾਂ ਕੱਢਦੂੰ, ਜੇ ਕੋਈ ਜੱਟ ਵੰਨੀ ਝਾਕ ਵੀ ਗਿਆ। ਅਤੇ ਜੈਬ ਹੰਕਾਰ ਵਿੱਚ ਆਇਆ ਪੈਰ ਧਰਤੀ ਤੇ ਪਟਕਾ ਮਾਰਦਾ। ਉਹਦੇ ਆਪਣੇ ਹੀ ਪੈਰਾਂ ਦੀ ਧਰਤੀ ਤੇ ਉੱਠੀ ਹੋਈ ਧੂੜ ਉਸਦੇ ਮੂੰਹ ਉੱਤੇ ਪੈ ਜਾਂਦੀ। ਨੈਬ ਨੀਵੀਂ ਜਿਹੀ ਪਾ ਕੇ ਆਪਣੇ ਕੰਮ ਲੱਗ ਜਾਂਦਾ।ਜੱਗਸੀਰ ਦਾ ਪਿਓ ਨੈਬ ਆਵਦੀ ਕਬੀਲਦਾਰੀ ਵਿੱਚ ਉਲਝ ਗਿਆ ਸੀ। ਉਸ ਨੇ ਦੋਨੋਂ ਕੁੜੀਆਂ ਵਿਆਹ ਦਿੱਤੀਆਂ ਸਨ। ਜੱਗਸੀਰ ਅਜੇ ਉਦੋਂ ਛੋਟਾ ਸੀ। ਗਿੰਦਰ ਨੇ ਸਵੇਰ ਦੇ ਬਾਲਟੀ ਵਿੱਚ ਧੁੱਪੇ ਪਏ ਕੋਸੇ ਪਾਣੀ ਨਾਲ ਨਹਾ ਕੇ ਰੋਟੀ ਖਾਧੀ ਅਤੇ ਆਪਣੇ ਘਰ ਵਾਲੀ ਪੰਮੋ ਨੂੰ ਅਵਾਜ਼ ਦਿੱਤੀ , ਮਖਿਆਂ ਬੋਲਦੀ ਨੀ, ਐਥੋਂ ਗੁੜ ਦੀ ਡਲੀ ? ਫੜਈਂ, ਸੰਘ @ਚ ਕੁਰਕਰੀ ਜੀ ਹੋਈ ਜਾਂਦੀ ਆ ਕੰਡ ਦੀ।ਸਵੇਰ ਦੀ ਤਾਂ ਭੌਂਕੀ ਜਾਂਦੀ ਸੀ, ਕਿ ਘਰੇ ਗੁੜ ਨੀ ਹੈਗਾ ,ਸਵੇਰ ਦੀ ਚਾਹ ਨੂੰ ਵੀ ,ਹੁਣ ਭਾਲਦਾ ਭੇਲੀ÷, ਪੰਮੋ ਨੇ ਖਿੱਝ ਕੇ ਜਵਾਬ ਦਿੱਤਾ।ਚੱਲ ਕੋਈ ਨਾ,ਅੱਖੀ ਭਾਰੀ ਕਿਉਂ ਹੁੰਨੀ ਆ ,ਹੁਣ ਜਾ ਕੇ ਲੈ ਆਉਨਾ, ਬੀਸੇ ਦੀ ਹੱਟੀ ਤੋਂ, ਅਜੇ ਖੁੱਲ੍ਹੀ ਹੋਊ । ਕਿੰਨਾ ਲਿਆਵਾਂ ? ਕੇਰਾਂ ਅੱਧਾ ਕਿਲੋ ਲਿਆਉਨਾ , ਫਿਰ ਮਗਰੋਂ ਲੈ ਆਵਾਂਗੇ÷। ਗਿੰਦਰ ਥੱਕਿਆ ਟੁੱਟਿਆ ਹੋਇਆ ਬੀਸੇ ਦੀ ਦੁਕਾਨ ਨੂੰ ਹੋ ਤੁਰਿਆ। ਬੀਸੇ, ਬਾਈ ਅੱਧਾ ਕਿਲੋ ਗੁੜ ਤੋਲੀ , ਪੈਸੇ ਝਰੀਟ ਲਵੀਂ÷ , ਗਿੰਦਰ ਨੇ ਸਿਰ ਦੇ ਪਰਨੇ ਨੂੰ ਠੀਕ ਕਰਦਿਆਂ ਕਿਹਾ।ਮੰਦਾ ਚੱਲਦਾ ਗਿੰਦਰਾ,ਪੱਲਾ ਵੀ ਪੂਰਾ ਨੀ ਝੜਦਾ, ਉਧਾਰ ਬੰਦ ਆ ਬਾਈ÷ ,ਬੀਸੇ ਨੇ ਮਿੱਠਾ ਜਾ ਜਵਾਬ ਦੇ ਦਿੱਤਾ।ਲਾਲਾ,ਬਸ ਦਸ ਦਿਨ ਹੋ ਠਹਿਰ ਜਾ, ਫਿਰ ਅਗਲਾ ਪਿਛਲਾ ਸਾਰਾ ਸਾਰਾ ਨਬੇੜ ਦੂੰ, ਗਿੰਦਰ ਨੇ ਬੀਸੇ ਅੱਗੇ ਲੇਲ੍ਹੜੀਆਂ ਕੱਢਦੇ ਹੋਏ ਕਿਹਾ। ਬੀਸੇ ਨੇ ਦਾਰੂ ਕੱਢਣ ਵਾਲਾ ਗੁੜ ਉਸ ਨੂੰ ਤੋਲ ਦਿੱਤਾ।ਮਖਿਆਂ ਬੋਲਦੀ ਨੀ, ਐਨੇ ਕੁ ਗੁੜ ਨਾਲ਼ ਹਫਤਾ ਦਸ ਦਿਨ ਕੱਢ ਲਿਓ, ਫਿਰ ਲੈ ਆਵਾਂਗੇ, ਬੀਸਾ ਐਵੇਂ ਵੱਟੀਆਂ ਜੀਆਂ ਝਾੜਦਾ ਸੀ, ਮੈਂ ਕਿਹਾ ਕਿਤੇ ਨੀ ਪਿੰਡੋਂ ਨਿਕਲਣ ਲੱਗੇ ,ਪਾਈ ਪਾਈ ਚੁਕਾ ਦਿਆਂਗੇ।ਗਿੰਦਰ ਨੇ ਅਗਲੇ ਹੀ ਸਾਹ ਪੰਮੋ ਨੂੰ ਕਿਹਾ,ਕਿਵੇਂ ਕਰੀਏ ਕੱਲ੍ਹ ਨੂੰ ਫਿਰ ? ਡਾਕੂਆਂ ਦੇ ਜਾਣਾ ਕਿ ਨਹੀਂ ? ਜੇ ਸੱਚ ਪੁੱਛੇਂ ਤਾਂ ਮੇਰਾ ਉੱਕਾ ਹੀ ਦਿਲ ਨਹੀਂ ਕਰਦਾ÷, ਗਿੰਦਰ ਨੇ ਪੰਮੋ ਦਾ ਮੂੰਹ ਸੁੰਘਣਾ ਚਾਹਿਆ। ਪੰਮੋ ਚੁੱਪ ਕਰ ਗਈ, ਉਸ ਨੇ ਕੋਈ ਹੁੰਗਾਰਾ ਨਾ ਦਿੱਤਾ। ਤਾਰਿਆਂ ਭਰੀ ਚੁੱਪਚਾਪ ਰਾਤ ਗਿੰਦਰ ਦੇ ਮਨ ਵਿੱਚ ਉੱਠੇ ਤੂਫਾਨ ਨੂੰ ਠੱਲ੍ਹ ਨਹੀਂ ਸੀ ਰਹੀ। ਉਹ ਬਾਣ ਦੇ ਮੰਜੇ ਉੱਤੇ ਪਿਆ ਤਾਰਿਆਂ ਵੱਲ ਟਿੱਕਟਿਕੀ ਲਾ ਵੇਖ ਰਿਹਾ ਸੀ। ਜੱਗਸੀਰ ਕੇ ਨਿਆਈਂ ਵਾਲੇ ਦੋ ਕਿੱਲੇ ਸੁਤੇ ਸਿਧ ਉਸ ਦੀ ਬੇਚੈਨੀ ਵਧਾ ਰਹੇ ਸਨ। ਉਸ ਨੂੰ ਪਤਾ ਹੀ ਨਾ ਲੱਗਿਆ ਕਦੋਂ ਪਿਆਂ ਪਿਆਂ ਉਸ ਦੀ ਸੁਰਤੀ ਗੇਲੇ ਵੱਲ ਚਲੀ ਗਈ।ਗੇਲਾ ਛੜਾ ਸੀ। ਨਾਂ ਤਾਂ ਉਸ ਦਾ ਗੁਰਮੇਲ ਸੀ, ਪਰ ਸਾਰੇ ਉਸ ਨੂੰ ਗੇਲਾ ਮਜ ?ਬੀ ਕਹਿੰਦੇ ਸਨ। ਆਪਣੀ ਜਵਾਨੀ ਦੇ ਦਿਨਾਂ ਵਿੱਚ ਸਾਰੇ ਵਿਹੜੇ ਵਾਲਿਆਂ ਉੱਤੇ ਉਸ ਦਾ ਰੋਅਬ ਸੀ। ਲੜਾਈ ਵਿੱਚ ਡਾਂਗ ਚਲਾਉਣ ਦਾ ਧਨੀ ਸੀ। ਇਸੇ

ਅੰਮ੍ਰਿਤਪਾਲ ਕਲੇਰ ਚੀਦਾ
ਸੰ. 9915780980

ਹੁਨਰ ਕਰਕੇ ਉਸ ਨੂੰ ਆਸੇ ਪਾਸੇ ਦੇ ਪਿੰਡਾਂ ਵਾਲੇ ਜ਼ਮੀਨ ਦੇ ਕਬਜੇ ਉੱਤੇ ਲੈ ਕੇ ਜਾਂਦੇ ਸਨ। ਗਿੰਦਰ ਨੂੰ ਯਾਦ ਆਇਆ ਕਿ ਬਾਪੂ ਦੱਸਦਾ ਹੁੰਦਾ ਸੀ, @ ਨਾਲ ਲਾਗੇ ਪਿੰਡ ਨਾਥਪੁਰੇ ਦੇ ਜ਼ਿਮੀਂਦਾਰਾਂ ਦੀ ਜ਼ਮੀਨ ਆਪਣੇ ਪਿੰਡ (ਗੰਗਾ) ਸੀ। ਮੁਜਾ ?ਰਿਆਂ ਨੇ ਉਹ ਜ਼ਮੀਨ ਨੱਪ ਲਈ। ਕਬਜ਼ਾ ਲੈਣ ਲਈ ਜ਼ਿਮੀਂਦਾਰਾਂ ਦੇ ਨਾਲ਼ ਗੇਲਾ ਵੀ ਸੀ। ਕਹਿੰਦੇ ਪੂਰਾ ਘੰਟਾ ਡਾਂਗਾ ਚੱਲੀਆਂ। ਅਖੀਰ ਨੂੰ ਮੁਜਾ ?ਰੇ ਜ਼ਮੀਨ ਛੱਡ ਕੇ ਭੱਜ ਗਏ। ਫਿਰ ਉਦੋਂ ਨਾਥਪੁਰੇ ਦੇ ਸਰਦਾਰਾਂ ਨੇ ਨਿਆਈਂ ਵਾਲੇ ਦੋ ਕਿੱਲੇ ਜ਼ਮੀਨ ਗੇਲੇ ਨੂੰ ਬਖਸ਼ਿਸ਼ ਕਰ ਦਿੱਤੀ। ਗੇਲੇ ਦੀ ਵਿਆਹ ਦੀ ਉਮਰ ਲੰਘ ਚੁੱਕੀ ਸੀ। ਉਸ ਨੇ ਆਪਣੇ ਭਾਣਜੇ ਨੂੰ ਘਰ ਮਿਹਰ ਰੱਖ ਲਿਆ। ਭਾਣਜੇ ਦਾ ਵਿਆਹ ਬੜੇ ਚਾਵਾਂ ਨਾਲ਼ ਕੀਤਾ। ਉਮਰ ਦੇ ਤਕਾਜ਼ੇ ਨਾਲ਼ ਗੇਲੇ ਤੋਂ ਬਹੁਤਾ ਕੰਮ ਧੰਦਾ ਨਾ ਹੁੰਦਾ। ਹੁਣ ਉਹ ਜੈਬ ਡਾਕੂ ਕੋਲ਼ੇ ਜਾਣ ਲੱਗ ਪਿਆ ਸੀ। ਜੈਬ ਵੀ ਉਹਨੂੰ ਮੁਸਕੜੀਏਂ ਹੱਸ ਕੇ ਬਿਠਾਉਂਦਾ। ਉਸਦੇ ਹਾਸੇ ਵਿੱਚ ਤਿਉਹ ਨਹੀਂ, ਸਗੋਂ ਧੋਖਾ ਹੁੰਦਾ।ਇਕ ਦਿਨ ਗੇਲਾ ਉਸ ਕੋਲ਼ ਚੁੱਪ ਚਾਪ ਜੇ ਜਾ ਕੇ ਬੈਠ ਗਿਆ। ਭਾਂਪ ਜੈਬ ਵੀ ਗਿਆ ਕਿ ਲੱਗਦਾ ਮੁਰਗਾ ਆਪੇ ਹੀ ਫਸ ਗਿਆ। ਉਸ ਨੇ ਪੈਰ ਵਿੱਚ ਪਾਏ ਜੋੜੇ ਨੂੰ ਲਾਹ ਕੇ ਝਾੜਿਆ ਅਤੇ ਨਿੰਮੋਝੂਣਾ ਜਾ ਹੋ ਕੇ ਕਿਹਾ, ਜੈਬ ਸਿਆਂ ,ਕੁਝ ਰੁਪਿਆਂ ਦੀ ਲੋੜ ਆ।ਗੇਲਿਆ ਜੈਬ ਦੇ ਹੁੰਦਿਆਂ ਤੂੰ ਬੁੜ੍ਹ ਕੇ ਬੈਠੇਂ ? ਦਸ ਕਿੰਨੇ ਰੁਪੀਏ ਚਾਹੀਦੇ ਨੇ ?÷ ਜੈਬ ਨੇ ਮੁੱਛਾਂ ਨੂੰ ਤਾਅ ਦੇ ਕੇ ਗਹਿਰੀ ਅੱਖ ਨਾਲ਼ ਗੇਲੇ ਵੱਲ ਝਾਕ ਕੇ ਕਿਹਾ।

ਡੇ ਬਾਈ ਸੌ ਕੁ ਰੁਪੀਏ ਚਾਹੀਦੇ ਸੀ÷। ਇੰਨਾ ਕਹਿ ਕੇ ਗੇਲੇ ਨੇ ਨੀਵੀਂ ਜਿਹੀ ਪਾ ਲਈ। ਉਸ ਸਮੇਂ ਚਾਂਦੀ ਦੇ ਰੁਪੀਏ ਹੋਇਆ ਕਰਦੇ ਸਨ। ਜੈਬ ਅੰਦਰਲੀ ਸਬ੍ਹਾਤ ਵਿੱਚ ਗਿਆ ਅਤੇ ਤੌੜੇ @ਚੋਂ ਚਾਂਦੀ ਦੇ ਰੁਪਈਏ ਬੁੱਕ ਭਰ ਕੇ ਸਾਫ਼ੇ ਦੇ ਲੜ @ਚ ਪਾ ਲਏ। ਬਾਹਰ ਮੰਜੇ ਤੇ ਆ ਕੇ ਇੱਕ ਇੱਕ ਰੁਪੀਆ ਗਿਣ ਕੇ ਗੇਲੇ ਨੂੰ ਦੇ ਦਿੱਤੇ ਅਤੇ ਵਹੀ ਤੇ ਅੰਗੂਠਾ ਲਵਾ ਲਿਆ। ਕਰਦੇ ਕਰਾਉਂਦੇ ਗੇਲੇ ਨੇ ਸਾਲ ਵਿੱਚ ਤਿੰਨ ਚਾਰ ਵਾਰੀ ਜੈਬ ਤੋਂ ਰੁਪੀਏ ਲੈ ਲਏ। ਜੈਬ ਵਹੀ ਉੱਤੇ ਗੇਲੇ ਤੋਂ ਦੁਗਣੇ ਪੈਸਿਆਂ ਦਾ ਅੰਗੂਠਾ ਲਵਾ ਲੈਂਦਾ। ਇਕ ਦਿਨ ਗੇਲਾ ਫਿਰ ਪੈਸੇ ਮੰਗਣ ਆ ਗਿਆ। ਜੈਬ ਦੇ ਤੇਵਰ ਬਦਲ ਗਏ। ਗੇਲੇ ਨੂੰ ਦੇਖਦੇ ਹੀ ਉਸਨੇ ਕਿਹਾ, ÷ਕਿਧਰ ਮੂੰਹ ਚੱਕਿਆ ਉਏ ਢੇਡਾ ÷ ? ਗੇਲਾ ਇੱਕ ਦਮ ਠਠੰਬਰ ਗਿਆ ਅਤੇ ਮਸਾਂ ਹੀ ਬੋਲਿਆ ,÷ਬਾਈ , ਰੁਪੀਈਆਂ ਦੀ ਲੋੜ ਸੀ÷। ਕਿਹੜੇ ਉਏ ਰੁਪੀਏ ?, ਭਾਜਾ ਇਥੋਂ, ਸਾਲਾ ਰੁਪੀਆਂ ਦਾ, ਨਾਲ਼ੇ ਗੱਲ ਸੁਣ ਲਾ ਉਹ ਨਿਆਂਈਂ ਵਾਲੇ ਦੋ ਕਿੱਲੇ ਸਾਡੇ ਹੋਗੇ ਨੇ, ਜੇ ਉਸ ਵਿੱਚ ਪੈਰ ਵੀ ਧਰਿਆ ਲੱਤਾਂ ਵੱਢ ਦੂੰ, ÷ ਜੈਬ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ ਸੀ,। ਬਾਈ ਤੂੰ ਤਾਂ ਮੇਰਾ ਵੱਡਾ ਭਾਈ ਆਂ÷, ਗੇਲੇ ਦੀਆ ਥਾਂਏ ਗਈਆਂ ਅਤੇ ਉਸਦੇ ਗਲ਼ੇ ਵਿੱਚ ਸ਼ਬਦ ਅਟਕ ਗਏ।ਕਿਹੜਾ ਉਏ ਭਾਈ ?, ਅਖੇ ਜਾਤ ਦੀ ਕੌੜ੍ਹ ਕਿਰਲੀ, ਸ਼ਤੀਰਾਂ ਨਾਲ ਜੱਫੇ, ਦਫਾ ਹੋ ਜਾ ਇਥੋਂ ,ਮੁੜ ਕੇ ਨਾ ਦਿਸੀਂ ਇੱਧਰ । ਗੇਲੇ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ਼ ਗਈ। ਬਹੁਤਾ ਹੇਜ ਜਤਾਉਣ ਵਾਲਾ ? ਜੈਬ ਅੱਜ ਭੇੜੀਏ ਦਾ ਰੂਪ ਧਾਰਨ ਕਰ ਗਿਆ ਸੀ। ਉਸ ਦੀਆਂ ਅੱਖਾਂ ਮੂਹਰੇ ਨੇਰ੍ਹਾ ਆ ਗਿਆ। ਉਹ ਭਾਰੇ ਕਦਮੀਂ ਕੌਲੇ ਕੇ ਵਿਹੜੇ ਵੱਲ ਨੂੰ ਹੋ ਤੁਰਿਆ। ਮਖਿਆਂ, ਅਜੇ ਜਾਗਦਾ ਪਿਆਂ ? ਨੀਂਦ ਨੀ ਆਈ ?÷, ਪੰਮੋ ਨੇ ਤਾਰਿਆਂ ਬੰਨੀ ਬਿਟਰ ਬਿਟਰ ਝਾਕਦੇ ਗਿੰਦਰ ਨੂੰ ਹਲੂਣਾ ਦੇ ਕੇ ਪੁੱਛਿਆ। ਗਿੰਦਰ ਤ੍ਰੁੱਬਕ ਗਿਆ। ÷ਨਹੀਂ ,ਕੁੱਝ ਨਹੀਂ ,÷।ਪੰਮੋ ਪਾਣੀ ਦਾ ਗਿਲਾਸ ਪੀ ਕੇ ਪੈ ਗਈ। ਗਿੰਦਰ ਦੀ ਸੁਰਤੀ ਫਿਰ ਗੇਲੇ ਵਿੱਚ ਪਹੁੰਚ ਗਈ।ਅੱਠ ਨੌ ਮਹੀਨਿਆਂ ਬਾਅਦ ਗੇਲੇ ਦਾ ਭਾਣਜਾ ਅਤੇ ਉਹਦਾ ਪਰਿਵਾਰ ਗੇਲੇ ਨੂੰ ਛੱਡ ਕੇ ਆਪਣੇ ਪਿੰਡ ਚਲੇ ਗਏ। ਆਖੇ ਅਸੀਂ ਤਾਂ ਰੇਤ ਦੀ ਮੁੱਠੀ ਦੀ ਖ਼ਾਤਰ ਆਏ ਸੀ। ਜੇ ਜ਼ਮੀਨ ਹੀ ਨਾ ਰਹੀ ਤਾਂ ਅਸੀਂ ਕੀ ਕਰਨਾ ਇੱਥੇ ਰਹਿ ਕੇ। ਹ

ਭਿਅੰਕਰ ਬਿਮਾਰੀਆਂ ਨੂੰ ਜਨਮ ਦੇ ਰਿਹੈ ਜਲਵਾਯੂ ਪਰਿਵਰਤਨ

ਇਸ ਵੇਲੇ ਧਰਤੀ ਦੀ ਤਪਸ਼ ਵਧਣ ਕਾਰਨ ਜਲਵਾਯੂ ਪਰਿਵਰਤਨ ਸਾਰੀ ਦੁਨੀਆ ਵਿੱਚ ਸਭ ਤੋਂ ਵੱਧ ਚਰਚਿਤ ਵਿਸ਼ਾ ਬਣਿਆ ਹੋਇਆ ਹੈ। ਵਾਤਾਵਰਨ ਵਿਗਿਆਨੀਆਂ ਵੱਲੋਂ ਕੀਤੀ ਗਈ ਪੇਸ਼ੀਨਗੋਈ ਕਾਫੀ ਚਿੰਤਾਜਨਕ ਹੈ। ਕੋਪਨਹੇਗਨ ਸਿਖਰ ਸੰਮੇਲਨ ਵਿਚ 192 ਦੇਸ਼ਾਂ ਦੇ ਕਰੀਬ 1500 ਵਿਗਿਆਨੀਆਂ ਦਾ ਪਹੁੰਚਣਾ ਅਤੇ ਧਰਤੀ ਦੀ ਵਧਦੀ ਤਪਸ਼ ਨੂੰ ਘੱਟ ਕਰਨ ਲਈ ਕੀਤਾ ਗਿਆ ਉਪਰਾਲਾ ਕਾਫੀ ਸ਼ਲਾਘਾਯੋਗ ਅਤੇ ਆਸ ਦੀ ਕਿਰਨ ਨਜ਼ਰ ਆ ਰਿਹਾ ਹੈ। ਸਾਰੀ ਦੁਨੀਆ ਦੇ ਵਾਤਾਵਰਨ ਮਾਹਿਰਾਂ ਦੀ ਰਾਇ ਹੈ ਕਿ ਧਰਤੀ ਦੀ ਤਪਸ਼ ਸਨਅਤੀ ਉਦਯੋਗ ਲਈ ਵਰਤੀ ਜਾ ਰਹੀ ਬੇਤਾਹਾਸ਼ਾ ਊਰਜਾ ਦੀ ਖਪਤ ਤੋਂ ਪੈਦਾ ਹੋ ਰਹੀਆਂ ਗੈਸਾਂ-ਕਾਰਬਨ ਡਾਇਆਕਸਾਈਡ ਆਦਿ ਦਾ ਸਿੱਟਾ ਹੈ। ਇਨ੍ਹਾਂ ਗੈਸਾਂ ਦੇ ਵਧਣ ਨਾਲ ਜਲਵਾਯੂ ਪਰਿਵਰਤਨ ਹੋਣ ਕਰਕੇ ਗਲੇਸ਼ੀਅਰ ਪਿਘਲ ਰਹੇ ਹਨ, ਪਹਾੜਾਂ ਦੀ ਬਰਫ਼ ਸਮੁੰਦਰ ਵੱਲ ਵਹਿ ਤੁਰੀ ਹੈ, ਸਮੁੰਦਰ ਤਲ ਦਿਨ-ਬ-ਦਿਨ ਉੱਚਾ ਹੋ ਰਿਹਾ ਹੈ, ਜੰਗਲਾਂ ਨੂੰ ਅੱਗ ਲੱਗ ਰਹੀ ਹੈ, ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਕਹਿਰ ਢਾਹ ਰਹੀਆਂ ਹਨ ਅਤੇ ਜਵਾਲਾਮੁਖੀ ਫੱਟ ਰਹੇ ਹਨ ਤੇ ਕਿਧਰੇ ਮੀਲਾਂ ਲੰਮੇ ਧਰਤੀ ਵਿਚ ਪਾੜ ਪੈ ਰਹੇ ਹਨ, ਜਿਸ ਕਾਰਨ ਧਰਤੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਜਿਵੇਂ-ਜਿਵੇਂ ਧਰਤੀ ਦੀ ਤਪਸ਼ ਵੱਧ ਰਹੀ ਹੈ ਅਤੇ ਜਲਵਾਯੂ ਪਰਿਵਰਤਨ ਹੋ ਰਿਹਾ ਹੈ ਤਿਵੇਂ-ਤਿਵੇਂ ਹੀ ਇਸ ਪਰਿਵਰਤਨ ਦਾ ਸਿੱਧਾ ਅਸਰ ਮਨੁੱਖ ਦੀ ਸਰੀਰਕ ਪ੍ਰਣਾਲੀ ਉੱਪਰ ਵੀ ਹੋ ਰਿਹਾ ਹੈ; ਕੁਦਰਤੀ ਤੌਰ 'ਤੇ ਜਿਹੋ ਜਿਹਾ ਵਾਤਾਵਰਨ ਬ੍ਰਹਿਮੰਡ ਵਿਚ ਹੋਏਗਾ ਉਹੋ ਜਿਹਾ ਹੀ ਵਾਤਾਵਰਨ ਮਨੁੱਖੀ ਸਰੀਰ ਵਿਚ ਵੀ ਹੋਏਗਾ। ਇਸ ਸਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਭਾਵ ਕਿ ਜਿੰਨੀਆਂ ਸ਼ਕਤੀਆਂ ਜਾਂ ਜਿਹੋ ਜਿਹਾ ਵਾਤਾਵਰਨ ਬ੍ਰਹਿਮੰਡ ਵਿੱਚ ਹੁੰਦਾ ਹੈ ਓਨੀਆਂ ਹੀ ਸ਼ਕਤੀਆਂ ਤੇ ਉਹੋ ਜਿਹਾ ਹੀ ਵਾਤਾਵਰਨ ਮਨੁੱਖ ਦੇ ਸਰੀਰ ਵਿਚ ਵੀ ਹੁੰਦਾ ਹੈ।

ਮੈਡੀਕਲ ਸਾਇੰਸ ਦੀ ਖੋਜ ਅਨੁਸਾਰ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਮਨੁੱਖ ਦੇ ਸਰੀਰ ਵਿਚ ਧਰਤੀ, ਪਾਣੀ, ਅਗਨੀ, ਹਵਾ ਅਤੇ ਅਕਾਸ਼ ਹੁੰਦੇ ਹਨ ਤੇ ਇਨ੍ਹਾਂ ਦੀ ਮਾਤਰਾ ਵੀ ਬ੍ਰਹਿਮੰਡ ਵਿਚਲੀ ਮਾਤਰਾ ਜਿੰਨੀ ਹੀ ਹੁੰਦੀ ਹੈ।



ਡਾ. ਸੁਖਬੀਰ ਸਿੰਘ

ਪਾਣੀ ਦੀ ਮਾਤਰਾ

ਜੇਕਰ ਬ੍ਰਹਿਮੰਡ ਵਿੱਚ ਕਿਸੇ ਵਕਤ ਕੁਦਰਤੀ ਨਿਯਮ ਦੇ ਉਲਟ ਪਾਣੀ ਦੀ ਮਾਤਰਾ ਵੱਧਦੀ-ਘਟਦੀ ਹੈ ਤਾਂ ਇਸ ਦਾ ਸਿੱਧਾ ਅਸਰ ਮਨੁੱਖ ਦੇ ਗੁਰਦਿਆਂ, ਜਣਨ ਅੰਗਾਂ, ਨਰਵਜ, ਟਿਸ਼ੂਜ, ਸੈਲਜ਼ ਬੋਨ-ਮੈਰੋ, ਵੀਰਜ ਭੰਡਾਰ, ਸੈਕਸ ਆਰਗਨਜ 'ਤੇ ਪੈਂਦਾ ਹੈ, ਜਿਸ ਕਰਕੇ ਇਨ੍ਹਾਂ ਦੇ ਸਿਸਟਮ ਵਿਚ ਵਿਗਾੜ ਪੈਦਾ ਹੋਣ ਨਾਲ ਬਿਮਾਰੀਆਂ ਜਨਮ ਲੈਂਦੀਆਂ ਹਨ। ਪਾਣੀ ਸਰੀਰ ਵਿੱਚ ਰਕਤ ਪ੍ਰਵਾਹ ਤੇ ਤਾਪ ਪ੍ਰਵਾਹ ਨੂੰ ਚਾਲੂ ਰੱਖਦਾ ਹੈ।

ਤਪਸ਼ ਦੀ ਮਾਤਰਾ

ਜੇਕਰ ਬ੍ਰਹਿਮੰਡ ਵਿੱਚ ਗਰਮੀ ਦੀ ਮਾਤਰਾ ਵਿਚ ਵਾਧਾ ਘਾਟਾ ਹੋ ਜਾਵੇ ਤਾਂ ਮਨੁੱਖੀ ਸਰੀਰ ਵਿਚ ਉਸ ਦਾ ਅਸਰ ਉਸੇ ਰਫ਼ਤਾਰ ਨਾਲ ਬਰਾਬਰ ਦੀ ਮਾਤਰਾ ਵਿਚ ਹੁੰਦਾ ਹੈ, ਜਿਸ ਕਰਕੇ ਸਰੀਰ ਦੇ ਮੇਹਦੇ, ਜਿਗਰ, ਪੈਂਕਰੀਆਜ, ਐਡਰਨਲ, ਪਾਚਨ ਸ਼ਕਤੀ, ਬਾਇਲ ਐਜਾਈਮਜ, ਸਰੀਰਕ ਤਾਪਮਾਨ, ਬਲੱਡ-ਫਾਰਮੇਸ਼ਨ ਅਤੇ ਹੱਡੀਆਂ ਨਾਲ ਸਬੰਧਤ ਗਲੈਂਡ ਆਰਗਨਜ਼ ਦੇ ਪ੍ਰਬੰਧ ਕਿਰਿਆ ਵਿਚ ਵਾਧ ਘਾਟ ਹੋ ਜਾਣ ਕਰਕੇ ਇਨ੍ਹਾਂ ਨਾਲ ਸਬੰਧਤ ਰੋਗ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।

ਹਵਾ ਦੀ ਮਾਤਰਾ

ਜੇਕਰ ਕਿਸੇ ਕਾਰਨ ਬ੍ਰਹਿਮੰਡ ਵਿਚ ਹਵਾ ਦੀ ਮਾਤਰਾ ਅਤੇ ਵਹਾਅ ਵਿਚ ਵਾਧ ਘਾਟ ਹੋਣੀ ਸ਼ੁਰੂ ਹੋ ਜਾਵੇ ਤਾਂ ਇਸ ਦਾ ਸਿੱਧਾ ਅਸਰ ਮਨੁੱਖੀ ਸਰੀਰ ਦੇ ਦਿਲ, ਛਾਤੀ, ਫੇਫੜੇ, ਥਾਈਮਸ-ਗਲੈਂਡ, ਸੈੱਲ ਫਾਰਮੇਸ਼ਨ, ਸਰੀਰਕ ਤਾਕਤ, ਬਾਡੀ ਬੈਲੈਂਸ, ਟੈਂਪਰਾਮੈਂਟ ਅਤੇ ਮਨ ਤੇ ਦਿਲ ਨਾਲ ਸਬੰਧਤ ਕਾਰਜ ਪ੍ਰਾਣਲੀ ਉੱਪਰ ਪੈਂਦਾ ਹੈ। ਜਿਸ ਕਰਕੇ ਇਨ੍ਹਾਂ ਦੇ ਗਲੈਂਡਜ-ਆਰਗਨਜ਼ ਨਾਲ ਸਬੰਧਤ ਬਿਮਾਰੀਆਂ ਜਨਮ ਲੈਂਦੀਆਂ ਹਨ। ਹਵਾ ਦੇ ਹੋਣ ਕਰਕੇ ਹੀ ਸਾਹ ਪ੍ਰਣਾਲੀ ਅਤੇ ਔਕਸਕਰੇਟਰੀ ਸਿਸਟਮ ਕੰਮ ਕਰਦੇ ਹਨ।

ਅਕਾਸ਼ ਦਾ ਵਧਣਾ

ਜੇਕਰ ਕਿਸੇ ਕਾਰਨ ਬ੍ਰਹਿਮੰਡੀ ਅਕਾਸ਼ ਵਿਚ ਸਪੇਸ ਘਟਦੀ-ਵਧਦੀ ਹੈ ਤਾਂ ਮਨੁੱਖੀ ਸਰੀਰ ਵਿਚਲੇ ਥਾਇਰਾਡ-ਗਲੈਂਡਜ, ਪਿਚੂਟਰੀ ਗਲੈਂਡ, ਪੀਨੀਅਲ-ਗਲੈਂਡ, ਨਜ਼ਰ, ਸੁਣਨ ਸ਼ਕਤੀ, ਯਾਦਾਸ਼ਤ ਅਤੇ ਦਿਮਾਗ ਆਦਿ ਦੀ ਕਾਰਜ ਪ੍ਰਣਾਲੀ ਪ੍ਰਭਾਵਿਤ ਹੋਣ ਕਰਕੇ ਬਹੁਤ ਸਾਰੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ। ਇੱਥੋਂ ਤੱਕ ਕਿ ਸਪੇਸ ਦੇ ਘਟਣ ਕਾਰਨ ਜੇਕਰ ਬਲਾਕੇਜ ਹੋ ਜਾਵੇ ਤਾਂ ਹਾਰਟ ਅਟੈਕ ਅਤੇ ਬੇਹੋਸ਼ੀ ਦੇ ਦੌਰੇ ਪੈ ਸਕਦੇ ਹਨ।

ਵਾਤਾਵਰਨ ਮਾਹਿਰ ਵਿਗਿਆਨੀਆਂ ਨੇ ਵਾਤਾਵਰਨ ਦੀ ਸਥਿਰਤਾ ਭੰਗ ਹੋਣ ਤੋਂ ਬਚਾਉਣ ਲਈ ਗਰੀਨ ਗੈਸਾਂ (ਕਾਰਬਨ ਡਾਇਆਕਸਾਈਡ) ਦੇ ਨਿਕਾਸ ਵਿਚ 80 ਤੋਂ 95 ਫ਼ੀਸਦੀ ਤੱਕ ਕਮੀ ਕਰਨ ਦੀ ਸਿਫਾਰਸ਼ ਕੀਤੀ ਹੈ। ਇਹ ਤਾਂ ਅਜੇ ਦਿੱਲੀ ਦੂਰ ਹੈ ਵਾਲੀ ਗੱਲ ਹੈ, ਪ੍ਰੰਤੂ ਜੇਕਰ ਅੱਜ ਦੇ ਮਨੁੱਖ ਨੇ ਭਿਅੰਕਰ ਅਤੇ ਲਾ-ਇਲਾਜ ਬਿਮਾਰੀਆਂ ਦੇ ਪ੍ਰਕੋਪ ਤੋਂ ਬਚਣਾ ਹੈ ਤਾਂ ਸਾਨੂੰ ਆਪਣੇ ਆਪਣੇ ਘਰਾਂ ਤੋਂ ਗਰੀਨ ਗੈਸਾਂ ਦੇ ਨਿਕਾਸ ਨੂੰ ਘੱਟ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਸਾਨੂੰ ਕਾਰਾਂ ਤੇ ਸਕੂਟਰਾਂ ਦੀ 50 ਪ੍ਰਤੀਸ਼ਤ ਗਿਣਤੀ ਘਟਾਉਣੀ ਪਏਗੀ। ਸਖ਼ਤ ਜ਼ਰੂਰਤ ਤੋਂ ਬਿਨਾਂ ਜਨਰੇਟਰ ਨਾ ਚਲਾਏ ਜਾਣ। ਆਟੋ ਰਿਕਸ਼ਾ ਦੀ ਥਾਂ ਕੋਈ ਹੋਰ ਬਦਲਵਾਂ ਪ੍ਰਬੰਧ ਹੋਵੇ। ਮਾਲ ਦੀ ਢੋਆ-ਢੁਆਈ ਅਤੇ ਯਾਤਰਾ ਇਲੈਕਟਿਰਕ-ਟਰੇਨਜ਼ 'ਤੇ ਕੀਤੀ ਜਾਵੇ, ਤਾਂ ਜੋ ਬੱਸਾਂ ਟਰੱਕਾਂ ਦੀ ਗਿਣਤੀ ਘਟਾਈ ਜਾ ਸਕੇ। ਹਰੇਕ ਵਿਅਕਤੀ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਹਰ ਸਾਲ ਜਨਮ ਦਿਨ 'ਤੇ ਇਕ ਰੁੱਖ ਜ਼ਰੂਰ ਲਗਾਏ। ਇਸ ਨਾਲ ਅਸੀਂ ਆਪਣੇ ਆਲੇ ਦੁਆਲੇ ਦੀ ਤਪਸ਼ ਤਾਂ ਘਟਾ ਹੀ ਸਕਦੇ ਹਾਂ। ਇਸ ਤਰੀਕੇ ਨਾਲ ਬਿਮਾਰੀਆਂ ਤੋਂ ਕਾਫੀ ਛੁਟਕਾਰਾ ਪਾਇਆ ਜਾ ਸਕਦਾ ਹੈ। ਕਿਉਂਕਿ ਧਰਤੀ ਤੋਂ ਪਹਿਲਾਂ ਮਨੁੱਖ ਨੂੰ ਬਚਾਉਣਾ ਜ਼ਰੂਰੀ ਹੈ ਤੇ ਫਿਰ ਅੱਜ ਦਾ ਅਰੋਗ ਮਨੁੱਖ ਹੀ ਧਰਤੀ ਨੂੰ ਬਚਾਅ ਸਕਦਾ ਹੈ। ਐਮ.ਡੀ., ਪੀ.ਐਚ.ਡੀ (ਏ.ਐਮ) ਡੀ.ਆਰ.ਸੀ.ਟੀ.

ਮੋਬਾਈਲ : 94653-57706

ਹੱਕ (ਵਿਅੰਗ)

ਪੰਜ ਸਾਲ ਬਾਅਦ ਵੋਟਾਂ ਆ ਜਾਂਦੀਆਂ। ਛੋਟੇ ਹੁੰਦਿਆਂ ਤੋਂ ਹੀ ਵੋਟਾਂ ਦਾ ਬੜਾ ਚਾਅ ਜਿਹਾ ਹੁੰਦਾ ਸੀ।ਲਾਊਡ ਸਪੀਕਰਾਂ ਵਾਲੇ ਉੱਚੀ ਉੱਚੀ ਬੋਲਦੇ ਨਾਲ਼ੇ ਗਾਣੇ ਲਾਉਂਦੇ।ਮਨ ਖ਼ੁਸ਼ ਹੋ ਜਾਂਦਾ ਸੀ ਜਦ ਉਹ ਪਾਰਟੀਆਂ ਦੀਆਂ ਝੰਡੀਆਂ ਵੰਡਦੇ , ਨਾਲ਼ ਬਿੱਲੇ ਵੀ ਵੰਡਦੇ। ਗਲ਼ੀ ਦੇ ਜਵਾਕ ਆਪਣੇ ਆਪਣੇ ਘਰਦਿਆਂ ਦੀ ਪਸੰਦ ਦੀ ਪਾਰਟੀ ਦੇ ਬਿੱਲੇ ਕੱਠੇ ਕਰ ਕਰ ਕੇ ਗਿਣਦੇ ਤੇ ਜੀਹਦੇ ਬਿੱਲੇ ਵੱਧ ਹੋਣੇ ਓਹਨੇ ÷ਜਿੱਤੂਗਾ ਬਈ ਜਿੱਤੂਗਾ ਫਲਾਣਾ ਬੰਦਾ ਜਿੱਤੂਗਾ÷ ਦੇ ਨਾਰ੍ਹੇ ਲਾਉਣੇ, ਕਈ ਵਾਰੀ ਇਹ ਬਿੱਲਿਆਂ ਵਾਲੀ ਜਿੱਤ ਝਾਟਮ-ਝੀਟੀ ਹੋਣ ਤੇ ਆ ਕੇ ਮੁੱਕ ਜਾਣੀ। ਬਚਪਨ ਤੋਂ ਹੀ ਦੇਖਦੇ ਦੇਖਦੇ ਪਤਾ ਈ ਨੀ ਲੱਗਿਆ ਕਦ ਆਪ ਵੋਟ ਪਾਉਣ ਜੋਗੇ ਵੀ ਹੋ ਗਏ।ਆਪਣੇ ਹੱਕ ਦਾ ਇਸਤੇਮਾਲ ਕਰਨ ਦਾ ਵਿਆਹ ਜਿੰਨਾ ਚਾਅ ਸੀ। ਉਸ ਦਿਨ ਉਂਗਲੀ ਤੇ ਲੱਗਿਆ ਕਾਲ਼ਾ ਨਿਸ਼ਾਨ ਵਿਆਹ ਆਲ਼ੀ ਮਹਿੰਦੀ ਵਾਂਗੂੰ ਕੁਝ ਵਧੀਆ ਵਧੀਆ ਜਿਹਾ ਅਹਿਸਾਸ ਦਿਵਾ ਰਿਹਾ ਸੀ।

ਉਦੋਂ ਤਾਂ ਆਟੇ, ਦਾਲ਼, ਚੌਲ਼ ਦੇਣ ਦਾ ਰਿਵਾਜ ਤਾਂ ਨਹੀਂ ਹੁੰਦਾ ਸੀ।ਹੋ ਸਕਦਾ ਉਦੋਂ ਜ਼ਮਾਨੇ ਦੇ ਹਿਸਾਬ ਨਾਲ ਲਾਲਚ ਵੀ ਘੱਟ ਹੋਵੇ। ਉਦੋਂ ਮੂੰਹ ਮੁਲਾਹਜ਼ੇ ਤੇ ਦੋ ਚਾਰ ਪੈਗ ਨਾਲ ਹੀ ਕੰਮ ਸਾਰ ਜਾਂਦਾ ਸੀ। ਉਦੋਂ ਲੋਕ ਵੀ ਤਾਂ ਆਪਣੇ ਆਪਣੇ ਹਿਸਾਬ ਨਾਲ ਪਾਰਟੀਆਂ ਦੇ ਨਾਲ ਪੱਕੇ ਜੁੜੇ ਹੋਏ ਸਨ। ਕਦੇ ਇੱਕ ਪਾਰਟੀ ਦੀ ਸਰਕਾਰ ਬਣ ਜਾਣੀ ਤੇ ਕਦੇ ਦੂਜੀ ਪਾਰਟੀ ਦੀ ,ਹਰੇਕ ਸਰਕਾਰ ਬਣਨ ਵੇਲ਼ੇ ਅਸੀਂ ਆਮ ਜਿਹੇ ਲੋਕ ਵੀ ਪੰਜ ਸਾਲ ਹੋਰ ਸਿਆਣੇ ਹੋ ਗਏ ਹੁੰਦੇ।ਪਰ ਸਿਆਸੀ ਪਾਰਟੀਆਂ ਓਦੂੰ ਵੱਧ ਸਿਆਣੀਆਂ ਹੋ ਗਈਆਂ ਜਾਪਦੀਆਂ, ਓਹਨਾਂ ਵੱਲੋਂ ਵੋਟਾਂ ਨੂੰ ਖਰੀਦਣ ਦੇ ਤਰੀਕੇ ਨਵੇਂ ਨਵੇਂ ਆ ਗਏ ਸਨ। ਹਰੇਕ ਵਾਰ ਦੀਆਂ ਵੋਟਾਂ ਪਾਉਣ ਨੂੰ ਜਮ੍ਹਾਂ ਜੀਅ ਨੀ ਕਰਦਾ, ਮਨ ਫੇਰ ਹਲੂਣੇ ਮਾਰਦਾ,÷ਅੜੀਏ ਆਪਣਾ ਹੱਕ ਇਸਤੇਮਾਲ ਤਾਂ ਜ਼ਰੂਰ ਕਰਨਾ ਚਾਹੀਦਾ,ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ।÷ ਚਲੋ ਫੇਰ ÷ਹੱਕ÷ ਦਾ ਇਸਤੇਮਾਲ ਵੀ ਹੋ ਜਾਂਦਾ, ਸਰਕਾਰ ਵੀ ਬਣ ? ਜਾਂਦੀ, ਧਰਨੇ ਵੀ ਓਵੇਂ ਲੱਗਦੇ , ਲੁਟੇਰੇ ਵੀ ਓਵੇਂ ਫਿਰਦੇ , ਸਕੀਮਾਂ ਵਾਲੇ ਧੋਖੇ ਵੀ ਓਵੇਂ ਹੁੰਦੇ, ਨਸ਼ੇ, ਚੋਰੀਆਂ, ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਤੇ ਕੇਸ ਵੀ ਉਵੇਂ ਹੁੰਦੇ। ਇਹੀ ਕੁਝ ਦੇਖਦਿਆਂ ਨੂੰ ਹਰੇਕ ਪੰਜਾਕਾ (ਪੰਜ ਸਾਲ) ਨਿਕਲ਼ ਜਾਂਦਾ ਹੈ। ਮਨ ਨੂੰ ਹਰ ਵਾਰ ਇਹੀ ਤਾਹਨਾ ਵੱਜਦਾ ਹੈ,÷ਤੂੰ ਹੀ ਤਾਂ÷ਹੱਕ÷ ਵਰਤਣ ਨੂੰ ਕਹਿੰਦੈਂ.... ਇਹਨਾਂ ਗੱਲਾਂ ਵਿੱਚ ਕਿਤੇ ਆਪਣਾ ÷ਹੱਕ÷ ਤਾਂ ਲੱਭਿਆ ਈ ਨੀ ?÷ ਮਨ ਵੀ ਹੱਸ ਕੇ ਕਹਿੰਦਾ ,÷ ਹੁਣ ਆਪਣੇ ਹੱਕ ਨੂੰ ਪੰਜ ਸਾਲ ਲਈ ਸਾਂਭ ਕੇ ਰੱਖਦੋ .....ਚੁੱਪ ਕਰਕੇ ਜਗਤ ਤਮਾਸ਼ੇ ਵੇਖੋ...ਹੁਣ ਇਹ ÷ਹੱਕ÷ ਪੰਜ ਸਾਲ ਬਾਅਦ ਵਰਤਣਾ ਹੈ... ।

ਬਰਜਿੰਦਰ ਕੌਰ ਬਿਸਰਾਓ...
9988901324

ਮਿੰਨੀ ਕਹਾਣੀ - ਆਪਣੀ ਲਿਖੀ

ਉਸ ਦਿਨ ਕਾਵਿ ਉਚਾਰਣ ਮੁਕਾਬਲਿਆਂ ਦੀ ਜਜਮੈਂਟ ਵਿੱਚ ਮੇਰੀ ਵੀ ਡਿਉਟੀ ਲੱਗੀ ਸੀ। ਸਾਡੇ ਹੀ ਕਾਲਜ ਦੇ ਵਿਦਿਆਰਥੀ ਇਸ ਪ੍ਰਤੀਯੋਗਤਾ ਵਿੱਚ ਭਾਗ ਲੈ ਰਹੇ ਸਨ। ਪ੍ਰਤੀਯੋਗੀਆਂ ਨੂੰ ਕਿਹਾ ਗਿਆ ਸੀ ਕਿ ਕਵਿਤਾ ਉਚਾਰਣ ਤੋਂ ਪਹਿਲਾਂ ਇਹ ਜ਼ਰੂਰ ਦੱਸਣ ਕਿ ਕਵਿਤਾ ਉਨ੍ਹਾਂ ਦੀ ਆਪਣੀ ਲਿਖੀ ਹੈ ਜਾਂ ਕਿਸੇ ਹੋਰ ਕਵੀ ਦੀ ਹੈ ? ਜੇ ਹੋਰ ਕਵੀ ਦੀ ਹੈ ਤਾਂ ਉਹਦਾ ਨਾਂ ਵੀ ਦੱਸਣ। ਇੱਕ ਲੜਕੀ ਨੇ ਕਾਫ਼ੀ ਚੰਗੀ ਪੇਸ਼ਕਾਰੀ ਨਾਲ ਵਧੀਆ ਕਵਿਤਾ ਸੁਣਾਈ ਤੇ ਨਾਲ਼ ਇਹ ਵੀ ਦੱਸਿਆ ਕਿ ÷ਕਵਿਤਾ ਮੇਰੀ ਆਪਣੀ ਲਿਖੀ ਹੈ।÷ ਮੈਨੂੰ ਸ਼ੱਕ ਹੋਇਆ ਕਿ ਬੀਏ ਵਿੱਚ ਪੜ੍ਹਦੀ ਕੁੜੀ ਇੰਨੀ ਵਧੀਆ ਕਵਿਤਾ ਨਹੀਂ ਲਿਖ ਸਕਦੀ। ਉਹ ਮੰਚ ਤੋਂ ਉੱਤਰ ਕੇ ਆਪਣੀ ਸੀਟ ਤੇ ਜਾਣ ਲੱਗੀ ਤਾਂ ਮੈਂ ਉਹਨੂੰ ਰੋਕ ਕੇ ਪੁੱਛਿਆ, ÷ਬੇਟਾ, ਇਹ ਕਵਿਤਾ ਤੂੰ ਆਪ ਲਿਖੀ ਹੈ ? ਉਹਨੇ ਬੇਝਿਜਕ ਹੋ ਕੇ ਕਿਹਾ, ਜੀ ਸਰ। ਨਤੀਜੇ ਦਾ ਐਲਾਨ ਹੋਇਆ ਤਾਂ ਉਹਨੂੰ ਪਹਿਲਾ ਸਥਾਨ ਮਿਲਿਆ ਸੀ। ਅਗਲੇ ਦਿਨ ਕਲਾਸ @ਚ ਪੜ੍ਹਾਉਂਦਿਆਂ ਮੈਂ ਉਸ ਲੜਕੀ ਨੂੰ ਫਿਰ ਪੁੱਛਿਆ, ਤੂੰ ਕੱਲ੍ਹ ਜੋ ਕਵਿਤਾ ਸੁਣਾਈ ਸੀ, ਉਹ ਤੇਰੀ ਮੌਲਿਕ ਸੀ ? ਉਹਨੇ ਪੁੱਛਿਆ, ਮੌਲਿਕ ਕੀ ਹੁੰਦਾ ਹੈ, ਸਰ ?÷ ਮੈਂ ਦੱਸਿਆ, ÷ਯਾਨੀ ਤੇਰੀ ਆਪਣੀ ਲਿਖੀ ਹੋਈ ਸੀ ? ਉਹਨੇ ਫਿਰ ਪੂਰੇ ਸਵੈਵਿਸ਼ਵਾਸ ਨਾਲ ਜਵਾਬ ਦਿੱਤਾ, ÷ਜੀ ਸਰ, ਮੈਂ ਹੀ ਲਿਖੀ ਹੈ।ਉਹ ਆਪਣੀ ਸੀਟ ਤੇ ਗਈ ਤੇ ਬੈਗ @ਚੋਂ ਨੋਟਬੁੱਕ ਲੈ ਕੇ ਆਈ ਤੇ ਮੈਨੂੰ ਵਿਖਾਉਂਦੀ ਹੋਈ ਬੋਲੀ, ਆਹ ਵੇਖੋ ਸਰ, ਇਹ ਮੇਰੀ ਆਪਣੀ ਲਿਖੀ ਹੈ। ਇਹ ਮੇਰੀ ਹੀ ਲਿਖਾਈ ਹੈ। ਮੈਂ ਡੌਰ-ਭੌਰ ਹੋਇਆ ਕਦੇ ਉਹਦੇ ਵੱਲ ਤੇ ਕਦੇ ਉਹਦੀ ਨੋਟਬੁੱਕ ਵੱਲ ਵੇਖ ਰਿਹਾ ਸਾਂ।

*** ਪ੍ਰੋ. ਨਵ ਸੰਗੀਤ ਸਿੰਘ**
 # ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302
(ਬਠਿੰਡਾ) 9417692015.

ਕੀ ਤੁਸੀਂ ਖਿੜ ਖਿੜਾ ਕੇ ਹੱਸ ਰਹੇ ਹੋ ?

ਦੰਦ ਸਾਡੇ ਸਰੀਰ ਦਾ ਪ੍ਰਮੁੱਖ ਅੰਗ ਹਨ।ਦੰਦ ਨਾ ਕਿ ਸਿਰਫ ਖਾਣਾਂ ਖਾਣ ਦੇ ਕੰਮ ਆਉਂਦੇ ਹਨ ਬਲਕਿ ਮੂੰਹ ਅਤੇ ਦੰਦਾਂ ਤੋਂ ਬਾਕੀ ਸਰੀਰ ਦੀਆਂ ਬਾਕੀ ਬਿਮਾਰੀਆਂ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ। ਸਿਆਣਿਆਂ ਨੇ ਕਿਹਾ ਹੈ ਕਿ ਦੰਦ ਗਏ ਸਵਾਦ ਗਿਆ। ਖੂਬਸੂਰਤੀ ਦੇ ਨਾਲ ਨਾਲ ਦੰਦਾਂ ਦਾ ਸਿਹਤਮੰਦ ਹੋਣਾ ਵੀ ਬਹੁਤ ਜ਼ਰੂਰੀ ਹੈ। ਅੱਜ ਕੱਲ ਜੋਂ ਸਾਡਾ ਖਾਣ ਪੀਣ ਹੈ ਉਹ ਮੂੰਹ ਦੇ ਦੰਦਾਂ ਬਾਰੇ ਬਹੁਤ ਹਾਨੀਕਾਰਕ ਹੈ। ਸਟ੍ਰੀਟ ਫੂਡ ਜੋਂ ਕਿ ਅੱਜ ਕੱਲ੍ਹ ਬਹੁਤ ਪ੍ਰਚਲਿਤ ਹੈ ਪਰ ਇਹ ਮੂੰਹ ਵਿੱਚ ਕੀਟਾਣੂਆਂ ਦੀ ਗਿਣਤੀ ਵਿੱਚ ਵਾਧਾ ਕਰਦਾ ਹੈ ਜਿਸ ਨਾਲ ਦੰਦ ਖ਼ਰਾਬ ਹੋ ਜਾਂਦੇ ਹਨ। ਜੇਕਰ ਅਸੀਂ ਸਹੀ ਸਮੇਂ ਤੇ ਦੰਦਾਂ ਦੇ ਡਾਕਟਰ ਨੂੰ ਨਾਂ ਦਿਖਾਵਾਂਗੇ ਤਾਂ ਮਸੂੜਿਆਂ ਅਤੇ ਜਬਾੜ੍ਹੇ ਵਿੱਚ ਰੇਸ਼ਾ ਵੀ ਪੈ ਸਕਦਾ ਹੈ।ਇਸ ਲਈ ਸਾਨੂੰ ਸਮੇਂ ਸਮੇਂ ਤੇ ਦੰਦਾਂ ਦੇ ਡਾਕਟਰ ਕੋਲ ਚੈੱਕਅਪ ਅਤੇ ਇਲਾਜ ਲਈ ਜਾਣਾਂ ਚਾਹੀਦਾ ਹੈ। ਸਮੇਂ ਸਿਰ ਇਲਾਜ ਕਰਵਾਉਣ ਨਾਲ ਦੰਦਾਂ ਵਿਚਲੀ ਖੋੜ ਭਰੀ ਜਾ ਸਕਦੀ ਹੈ ਤੇ ਦੰਦਾਂ ਦੀ ਉਮਰ ਵਧਾਈ ਜਾ ਸਕਦੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਦੰਦਾਂ ਦੀ ਦੇਖਭਾਲ ਅਤੇ ਸੰਭਾਲ ਦੀ ਆਦਤ ਪਾਉਣੀ ਚਾਹੀਦੀ ਹੈ। ਦਿਨ ਵਿੱਚ 2 ਵਾਰ ਬੁਰਸ਼ ਘੱਟੋ ਘੱਟ 2 ਮਿੰਟ ਲਈ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਬੱਚਿਆਂ ਦੇ ਦੁੱਧ ਦੇ ਦੰਦ ਵਾਲੇ ਦੰਦ ਟੁੱ



ਜੀਵਨ ਦਾ ਅਟੁੱਟ ਹਿੱਸਾ ਕਿਉਂ ਬਣਦੇ ਜਾ ਰਹੇ ਹਨ ਸੜਕੀ ਹਾਦਸੇ ?

- ਇਕਵਾਕ ਸਿੰਘ ਪੱਟੀ

ਤੇਜ਼ ਰਫਤਾਰ, ਸੜਕ ਤੇ ਸਾਡੀਆਂ ਗੱਡੀਆਂ ਕਾਰਾਂ ਦੀ ਹੋਵੇ ਜਾਂ ਮੋਬਾਇਲ ਦੇ ਡਾਟਾ ਪੈਕ ਦੀ, ਬੱਸ ਇਹ ਤੇਜ਼ੀ ਸਾਡੀ ਜਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਮੈਂ ਜਦ ਕਦੇ ਦੇਰ ਰਾਤ ਨੂੰ ਘਰ ਤੋਂ ਬਾਹਰ ਨਿਕਲਦਾ ਹਾਂ ਤਾਂ ਆਪਣੇ ਹੀ ਸ਼ਹਿਰ ਦੀਆਂ ਗਲੀਆਂ, ਬਾਜ਼ਾਰਾਂ, ਸੜਕਾਂ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹਾਂ ਕਿ ਕਿੰਨਾ ਵੱਡਾ ਅਤੇ ਖੁੱਲ੍ਹਾ ਡੁੱਲ੍ਹਾ ਹੈ ਮੇਰਾ ਸ਼ਹਿਰ। ਕਿਸੇ ਵੀ ਦੁਕਾਨ ਵਿੱਚੋਂ ਕੋਈ ਸਮਾਨ ਬਾਹਰ ਲੱਗਿਆ ਨਹੀਂ ਦਿੱਸ ਰਿਹਾ ਹੁੰਦਾ, ਕੋਈ ਰੇਹੜੀ ਜਾਂ ਠੇਲ੍ਹਾ ਨਜਾਇਜ਼ ਤੌਰ ਤੇ ਸੜਕਾਂ ਦੀ ਹੱਦ ਮੱਲ੍ਹੀ ਨਹੀਂ ਖੜ੍ਹਾ ਹੁੰਦਾ। ਕਿਤੇ ਵੀ ਗਲਤ ਢੰਗ ਨਾਲ ਕੀਤੀ ਗਈ ਪਾਰਕਿੰਗ ਨਜ਼ਰ ਨਹੀਂ ਪੈਂਦੀ। ਇੱਕ ਦੂਜੇ ਤੋਂ ਅੱਗੇ ਲੰਘਣ ਲਈ ਬੇਵਜ੍ਹਾ ਉੱਚੀ ਅਵਾਜ਼ ਦੇ ਹਾਰਨ ਸੁਣਨ ਨੂੰ ਨਹੀਂ ਮਿਲਦੇ। ਸੋਚਦਾ ਹਾਂ ਉਹ ਕਿੰਨਾ ਭਲਾ ਵੇਲਾ ਹੋਵੇਗਾ ਜਦੋਂ ਵਾਕੇਈ ਇੱਦਾਂ ਵੀ ਕਦੇ ਰਿਹਾ ਹੋਵੇਗਾ। ਜਦੋਂ ਸਿਰਫ ਘੋੜੇ ਦੀਆਂ ਟਾਪਾਂ, ਜਿੰਦਗੀ ਦੀ ਗੱਡੀ ਨੂੰ ਧੀਮੀ ਜਿਹੀ ਗਤੀ ਨਾਲ ਪੰਧ ਮੁਕਾਉਣ ਵਿੱਚ ਮੱਦਦ ਕਰਦੀਆਂ ਹੋਣਗੀਆਂ। ਨਾ ਹਾਰਨਾਂ ਦਾ ਸ਼ੋਰ ਸ਼ਰਾਬਾ, ਨਾ ਪ੍ਰਦੂਸ਼ਣ ਦੀ ਸਮੱਸਿਆ, ਨਾ ਕਾਹਲੀ ਕਰਦੇ ਹੋਏ ਵਾਪਰਦੇ ਹਾਦਸੇ, ਨਾ ਭੀੜ-ਭੜੱਕਾ ਨਾ ਸੱਜਿਉਂ-ਖੱਬਿਉਂ ਇੱਕ ਦਮ ਆਉਣ ਵਾਲੀ ਕਿਸੇ ਕਾਰ/ਗੱਡੀ/ਬਾਈਕ ਦਾ ਫਿਕਰ।

ਖੈਰ ! ਵਾਪਸ ਅੱਜ ਵਿੱਚ ਆਉਂਦਾ ਹਾਂ ਤਾਂ ਸੈਂਕੜੇ ਤੇ ਹਜ਼ਾਰਾਂ ਮੀਲਾਂ ਦੀ ਦੂਰੀ ਕੁੱਝ ਸਕਿੰਟਾਂ/ਮਿੰਟਾਂ ਵਿੱਚ ਮੁੱਕ ਜਾਂਦੀ ਹੈ। ਮੋਟਰ ਗੱਡੀਆਂ ਤੋਂ ਲੈ ਕੇ, ਹਵਾਈ ਜਹਾਜ਼ ਤੱਕ ਦੀ ਕਾਢ ਨੇ ਜਿੰਦਗੀ ਦੀ ਰਫਤਾਰ ਨੂੰ ਬਹੁਤ ਤੇਜ਼ ਕਰ ਦਿੱਤਾ, ਪਰ ਇਸ ਨੂੰ ਖਤਰਿਆਂ ਭਰਿਆ ਵੀ ਜ਼ਰੂਰ ਬਣਾ ਦਿੱਤਾ। ਮੋਟੇ ਤੌਰ ਤੇ ਤੇਜ਼ ਰਫਤਾਰੀ, ਨਸ਼ਿਆਂ ਦਾ ਸੇਵਨ, ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਕਾਹਲੀ, ਲਾਪਰਵਾਹੀ, ਸੜਕਾਂ ਤੇ ਸਟੰਟਬਾਜ਼ੀ (ਕਰਤੱਬ) ਦਿਖਾਉਣੀ, ਸੜਕੀ ਨਿਯਮਾਂ ਪ੍ਰਤੀ ਕੁਤਾਹੀ ਅਤੇ ਅਣਜਾਣਤਾ, ਸੜਕਾਂ ਤੇ ਅਵਾਰਾ ਪਸ਼ੂਆਂ ਦਾ ਖੁਲ੍ਹੇਆਮ ਘੁੰਮਣਾ, ਸਰਦੀਆਂ ਦੌਰਾਨ ਸੰਘਣੀ ਧੁੰਦ ਅਤੇ ਤਿੱਖੀਆ ਲਾਈਟਾਂ, ਸੱਜੇ-ਖੱਬੇ ਮੁੜਨ ਲੱਗਿਆਂ ਇਸ਼ਾਰਿਆਂ ਦਾ ਵਰਤੋਂ ਨਾ ਕਰਣਾ, ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ, ਮਾਨਵ ਰਹਿਤ ਫਾਟਕ ਜਿਸ ਕਰਕੇ ਕਈ ਮੋਟਰ ਗੱਡੀਆਂ ਰੇਲ ਗੱਡੀ ਦਾ ਸ਼ਿਕਾਰ ਬਣ ਜਾਂਦੀਆਂ ਹਨ, ਧਾਰਮਿਕ ਮੇਲਿਆਂ ਦੌਰਾਨ ਟਰੈਕਟਰ ਟਰਾਲੀਆਂ ਜਾਂ ਟਰੱਕਾਂ ਉਤੇ ਵਾਧੂ ਆਹਰ ਕਰਕੇ ਬਿਠਾਏ ਵਧੇਰੇ ਲੋਕ, ਨਾਬਾਲਗਾਂ ਵੱਲੋਂ ਦੋ ਅਤੇ ਚਾਰ ਪਹੀਆ ਦੀ ਸਵਾਰੀ ਕਰਨਾ ਆਦਿ ਇਹ ਕਾਰਣ ਮੁੱਖ ਰੂਪ ਵਿੱਚ ਸ਼ਾਮਲ ਹਨ। ਤੁਸੀਂ ਆਪ ਦੇਖ ਸਕਦੇ ਹੋ ਜਿਆਦਾਤਰ ਦੋ ਪਹੀਆ ਵਾਹਨਾਂ ਤੇ ਲੱਗੇ ਪਿੱਛੇ ਦੇਖਣ ਵਾਲੇ ਦੋਨੋਂ ਸ਼ੀਸ਼ੇ ਨੌਜਵਾਨਾਂ ਵੱਲੋਂ ਫੈਸ਼ਨਪ੍ਰਸਤੀ ਦੇ ਤੌਰ ਤੇ ਉਤਾਰ ਦਿੱਤੇ ਜਾਂਦੇ ਹਨ, ਜਿਸ ਕਾਰਣ ਮੁੜਨ ਲੱਗਿਆਂ ਅਤੇ ਆਪਣੇ ਅਗਲੇ ਵਾਹਨ ਤੋਂ ਅੱਗੇ ਕੱਢਣ ਲੱਗਿਆਂ ਬਿਨ੍ਹਾਂ ਪਿੱਛੇ ਦੇਖੇ ਆਪਣਾ ਵਾਹਨ ਆਪਣੀ ਮਰਜ਼ੀ ਨਾਲ ਮੋੜ ਲਿਆ ਜਾਂਦਾ ਹੈ, ਜਿਸ ਕਰਕੇ ਪਿੱਛੇ ਆ ਰਹੇ ਵਾਹਨ ਵਾਲੇ ਨੂੰ ਆਪਣੀ ਗੱਡੀ ਕਾਬੂ ਹੇਠ ਰੱਖਣੀ ਔਖੀ ਹੋ ਜਾਂਦੀ ਹੈ।

ਸਿੱਟੇ ਵੱਜੋਂ ਹਰ ਰੋਜ਼ ਹਾਦਸੇ ਵਾਪਰ ਰਹੇ ਹਨ, ਅਜਾਈਂ ਮੌਤਾਂ ਹੋ ਰਹੀਆਂ ਹਨ, ਛੋਟੇ-ਛੋਟੇ ਬੱਚੇ-ਬੱਚੀਆਂ, ਨੌਜਵਾਨ, ਬਜ਼ੁਰਗ ਸੜਕਾਂ ਤੇ ਹੋ ਰਹੇ ਇਸ ਮੌਤ ਰੂਪੀ ਤਾਂਡਵ ਦਾ ਸ਼ਿਕਾਰ ਬਣ ਰਹੇ ਹਨ, ਉੱਥੇ ਪਰਿਵਾਰਾਂ ਦੇ ਪਰਿਵਾਰ ਵੀ ਇਸ ਸੜਕੀ ਅੱਤਵਾਦ ਦੇ ਕਾਲੇ ਪ੍ਰਛਾਵੇਂ ਦੀ ਲਪੇਟ ਵਿੱਚ ਆ ਚੁੱਕੇ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਘੰਟੇ ਦੌਰਾਨ ਲਗਭਗ ੫੬ ਸੜਕੀ ਹਾਦਸੇ ਹੁੰਦੇ ਹਨ ਜਿੰਨ੍ਹਾਂ ਵਿੱਚ ੧੬ ਮੌਤਾਂ ਹੁੰਦੀਆਂ ਹਨ ਅਤੇ ਸੜਕੀ ਆਵਾਜਾਈ ਮੰਤਰਾਲੇ ਅਨੁਸਾਰ ਇੱਕ ਸਾਲ ਵਿੱਚ ੧.੩੯ ਲੱਖ ਤੋਂ ਜਿਆਦਾ ਲੋਕ ਸੜਕੀ ਹਾਦਸਿਆਂ ਵਿੱਚ ਆਪਣੀ ਜਾਨ ਗਵਾ ਦਿੰਦੇ ਹਨ।

ਪੰਜਾਬ ਰਾਜ ਦੇ ੧੪ ਜ਼ਿਲਿਆਂ ਦੀਆਂ ਸੜਕਾਂ ਤੇ ਹੋਣ ਵਾਲੇ ਲਗਾਤਾਰ ਹਾਦਸਿਆਂ ਵਾਲੀਆਂ ੩੯੧ ਥਾਵਾਂ ਨੂੰ 'ਬਲੈਕ ਸਪਾਟ' ਦਾ ਨਾਮ ਦੇ ਦਿੱਤਾ ਗਿਆ ਹੈ। ਕੇਂਦਰੀ ਸੜਕ ਆਵਾਜਾਈ ਮਹਿਕਮੇ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿਚ ਸੜਕ ਹਾਦਸਿਆਂ ਵਿੱਚ ੨੦੧੭ ਦੇ ਮੁਕਾਬਲੇ ੨੦੧੮ ਦੌਰਾਨ ਢਾਈ ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਤਹਿਤ ਹਾਦਸਿਆਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ 'ਚ ੬.੨ ਫ਼ੀਸਦੀ ਦਾ ਵਾਧਾ ਦਰਜ ਹੋਇਆ ਹੈ। ਸਾਲ ੨੦੧੮ ਦੌਰਾਨ ਪੰਜਾਬ 'ਚ ਤੇਜ਼ ਰਫ਼ਤਾਰੀ ਕਾਰਣ ੨੫੪੦ ਲੋਕਾਂ ਦੀਆਂ ਜਾਨਾਂ ਗਈਆਂ। ਪੰਜਾਬ ਪੁਲਿਸ ਵਿੱਚ ਦੁਆਰਾ ਸੜਕ ਹਾਦਸਿਆਂ ਤੇ ਤਿਆਰ ਕੀਤੀ ਗਈ ਰਿਪੋਰਟ ਮੁਤਾਬਿਕ ੨੦੧੮ ਦੌਰਾਨ ਸੂਬੇ ਵਿਚ ਹਰ ਰੋਜ਼ ਔਸਤਨ ੧੩ ਲੋਕਾਂ ਦੀ 'ਚ ਮੌਤ ਸੜਕ ਹਾਦਸਿਆਂ ਵਿੱਚ ਹੋਈ, ਜਿਸ ਦੇ ਪਿਛੇ ਤੇਜ਼ ਰਫ਼ਤਾਰੀ ਨੂੰ ਤੇਜ਼ ਹੀ ਵੱਡਾ ਕਾਰਨ ਮੰਨਿਆ ਗਿਆ। ਸੜਕਾਂ 'ਤੇ ਹਾਦਸਿਆਂ ਦੌਰਾਨ ਹੋਈਆਂ ਮੌਤਾਂ ਦੇ ਮਾਮਲੇ ਵਿਚ ਜ਼ਿਲ੍ਹਾ ਰੋਪੜ ਪਹਿਲੇ, ਫ਼ਤਹਿਗੜ੍ਹ ਸਾਹਿਬ ਦੂਜੇ ਅਤੇ ਮੋਹਾਲੀ ਤੀਸਰੇ ਸਥਾਨ 'ਤੇ ਹਨ। ੨੦੧੮ ਦੌਰਾਨ ਤੇਜ਼ ਰਫ਼ਤਾਰੀ ਦੇ ਚਲਦੇ ਜਿਥੇ ੫੪੦ ਲੋਕਾਂ ਦੀ ਜਾਨ ਗਈ ਉਥੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਮਾਮਲਿਆਂ ਵਿਚ ਵੀ ੮੫ ਲੋਕ ਮੌਤ ਦੇ ਮੂੰਹ ਵਿਚ ਚਲੇ ਗਏ।

ਹਾਲਾਤ ਐਸੇ ਬਣੇ ਹੋਏ ਹਨ ਜਿਵੇਂ ਕਿ ਸੜਕੀ ਹਾਦਸੇ ਸਾਡੀ ਜਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੇ ਹੋਣ, ਕਿਉਂਕਿ ਇੱਕ ਵੀ ਦਿਨ ਐਸਾ ਨਹੀਂ, ਜਿਸ ਦਿਨ ਹਾਦਸਾ ਨਾ ਵਾਪਰਿਆ ਹੋਵੇ ਅਤੇ ਕੋਈ ਮੌਤ ਨਾ ਹੋਈ ਹੋਵੇ। ਅਸੀਂ ਸਾਰੇ ਇਸ ਮਾਮਲੇ ਪ੍ਰਤੀ ਚਿੰਤਤ ਤਾਂ ਹਾਂ, ਪਰ ਇਸਦਾ ਹੱਲ ਕੱਢਣ ਨੂੰ ਤਿਆਰ ਨਹੀਂ ਹਾਂ। ਮੇਰੇ ਵਿਚਾਰਾਂ ਅਨੁਸਾਰ ਸੱਭ ਤੋਂ ਪਹਿਲਾਂ ਪ੍ਰਸ਼ਾਸਨ ਇਸ ਪ੍ਰਤੀ ਗੰਭੀਰ ਅਤੇ ਸੰਜੀਦਾ ਹੋਵੇ ਅਤੇ ਪੂਰੀ ਸਖਤੀ ਵਰਤਣੀ ਸ਼ੁਰੂ ਕਰੇ ਤਾਂ ਸ਼ਾਇਦ ਇਸ ਸੜਕੀ ਹਾਦਸਿਆਂ ਤੇ ਰੋਕ ਲੱਗ ਸਕਦੀ ਹੈ। ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਸਾਹਿਬ ਜਦੋਂ ਅਸੀਂ ਭੰਡਾਰੀ ਪੁੱਲ ਤੋਂ ਐਲੀਵੇਟਿਡ ਪੁੱਲ ਤੇ ਚੜ੍ਹਦੇ ਹਾਂ ਤਾਂ ਕੋਈ ਵੀ ਮੋਟਰ ਗੱਡੀ, ਕਾਰ, ਜਾਂ ਕੋਈ ਵੀ ਵਾਹਨ ਵੱਡਾ ਜਾਂ ਛੋਟਾ ਹੋਵੇ ਉਸਦੀ ਗਤੀ ੫੦ ਕਿਲੋਮੀਟਰ ਪ੍ਰਤੀ ਘੰਟਾ ਤੋਂ ਇੱਕ ਪੁਆਇੰਟ ਵੀ ਉੱਪਰ ਨਹੀਂ ਹੁੰਦੀ, ਇਸ ਦਾ ਮਤਲਬ ਇਹ ਨਹੀਂ ਕਿ ਇੱਥੇ ਲੋਕ ਸੜਕੀ ਨਿਯਮਾਂ ਪ੍ਰਤੀ ਜਾਗਰੂਕ ਹਨ, ਇਸ ਦਾ ਕਾਰਣ ਇਹ ਹੈ ਕਿ ਪੁੱਲ ਦੇ ਅੱਧ ਵਿੱਚ ਟ੍ਰੈਫਿਕ ਪੁਲਿਸ ਵਾਲੇ ਵੱਡੀ ਤਦਾਦ ਵਿੱਚ ਬੈਰੀਗੇਟ ਲਗਾ ਕੇ ਖੜ੍ਹੇ ਹੁੰਦੇ ਹਨ ਅਤੇ ਰਾਡਾਰ ਤੇ ਕੈਮਰਿਆਂ ਦੀ ਮੱਦਦ ਨਾਲ ਭੰਡਾਰੀ ਪੁੱਲ ਤੋਂ ਐਲੀਵੇਟਿਡ ਪੁੱਲ ਵੱਲ ਆਉਣ ਵਾਲੀਆਂ ਗੱਡੀਆਂ ਉੱਤੇ ਬਾਜ਼ ਅੱਖ ਰੱਖੀ ਬੈਠੇ ਹੁੰਦੇ ਹਨ। ਜਿਸ ਕਰਕੇ ਚਲਾਣ ਦੇ ਡਰ ਤੋਂ ਲੋਕ ਵੀ ਆਵਾਜਾਈ ਸਬੰਧੀ ਨਿਰਧਾਰਤ ਗਤੀ ਦੇ ਨਿਯਮ ਨੂੰ ਪੂਰੀ ਤਰ੍ਹਾਂ ਅਪਣਾ ਲੈਂਦੇ ਹਨ। ਜੇ ਐਸਾ ਹਰ ਜਗ੍ਹਾ ਹਰ ਪਾਸੇ ਹੋਵੇ ਤਾਂ ਵੱਡੇ ਪੱਧਰ ਤੇ ਸੜਕੀ ਹਾਦਸੇ ਰੋਕੇ ਜਾ ਸਕਦੇ ਹਨ।

ਇਸ ਤੋਂ ਇਲਾਵਾ ਕੀ ਕੀਤਾ ਜਾਵੇ ਜਾਂ ਕੀ ਹੋਣਾ ਚਾਹੀਦਾ ਹੈ ਤਾਂ ਸੱਭ ਤੋਂ ਪਹਿਲਾਂ ਟ੍ਰੈਫਿਕ ਪੁਲਿਸ ਸਖਤੀ ਵਰਤੇ, ਇੱਕ ਜਾਂ ਦੋ ਵਾਰ ਚਿਤਾਵਨੀ ਤੋਂ ਬਾਅਦ ਲਾਇਸੰਸ ਧਾਰਕ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇ। ਬਿਨ੍ਹਾਂ ਡਰਾਈਵਿੰਗ ਟੈਸਟ ਪਾਸ ਕੀਤੇ ਲਾਇਸੰਸ ਜਾਰੀ ਕਰਨੇ ਮੁਕੰਮਲ ਰੂਪ ਵਿੱਚ ਸਖਤੀ ਨਾਲ ਬੰਦ ਹੋਣ। ਲੋਕ ਆਪਣੀ ਜਾਨ ਦੇ ਨਾਲ ਦੂਜਿਆਂ ਦੀਆਂ ਜਾਨਾਂ ਦੀ ਕੀਮਤ ਨੂੰ ਸਮਝਣ। ਟ੍ਰੈਫਿਕ ਨਿਯਮਾਂ ਦਾ ਪੂਰਾ ਪੂਰਾ ਗਿਆਨ ਹੋਵੇ। ਗੱਡੀਆਂ ਦੀ ਰਫਤਾਰ ਤੈਅ ਕੀਤੀ ਗਈ ਗਤੀ ਤੋਂ ਵਧੇਰੇ ਨਾ ਕੀਤੀ ਜਾਵੇ। ਸੜਕ ਪਾਰ ਕਰਨ ਵਾਲੇ ਪੂਰੀ ਚੇਤਨਤਾ ਨਾਲ ਸੜਕ ਪਾਰ ਕਰਨ ਵੇਲੇ ਦੋਨੋਂ ਪਾਸਿਉਂ ਸੁਰੱਖਿਆ ਯਕੀਨੀ ਬਣਾ ਲਈ ਜਾਵੇ। ਗਲੀਆਂ, ਬਾਜ਼ਾਰਾਂ ਵਿੱਚ ਦੋ ਪਹੀਆ ਵਾਹਨਾਂ ਦੀ ਗਤੀ ਧੀਮੀ ਹੋਵੇ ਉੱਥੇ ਹਰ ਮੋੜ ਤੇ ਹਾਰਨ ਦੀ ਵਰਤੋਂ ਯਕੀਨੀ ਬਣਾਈ ਜਾਵੇ ਤਾਂ ਕਿ ਗਲੀ ਮੋੜ ਤੋਂ ਨਿਕਲਣ ਵਾਲਾ ਰਾਹਗੀਰ ਸੁਚੇਤ ਹੋ ਸਕੇ। ਬੱਚਿਆਂ ਨੂੰ ਮੋਟਰਸਾਈਕਲ ਜਾਂ ਕਾਰਾਂ ਦੀ ਵਰਤੋਂ ਬਿਲਕੁਲ ਨਾ ਕਰਨ ਦਿੱਤੀ ਜਾਵੇ। ਸਕੂਲਾਂ ਵਿੱਚ ਅਕਸਰ ਛੁੱਟੀ ਵੇਲੇ ਵਿਦਿਆਰਥੀ ਆਪਣੇ ਤਿੰਨ ਚਾਰ ਦੋਸਤਾਂ ਨੂੰ ਇੱਕੋ ਹੀ ਮੋਟਸਾਈਕਲ ਉੱਤੇ ਬਿਠਾ ਲੈਂਦੇ ਹਨ, ਇਸ ਉੱਤੇ ਸਕੂਲ ਪ੍ਰਬੰਧਕ ਸਖਤੀ ਨਾਲ ਰੋਕ ਲਗਾਉਣ। ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਚਲਾਣ ਜ਼ਰੂਰੀ ਅਤੇ ਵੱਡੀ ਰਕਮ ਵਿੱਚ ਵਸੂਲਿਆ ਜਾਵੇ। ਓਵਰਟੇਕ ਕਰਨ ਵੇਲੇ ਮੁਕੰਮਲ ਰੂਪ ਵਿੱਚ ਇਹਤੀਆਤ ਵਰਤੀ ਜਾਵੇ।

ਯਾਦ ਰੱਖੋ ਕਾਹਲੀ ਵਿੱਚ ਜਾਂ ਆਰਾਮ ਨਾਲ ਦੁਨੀਆਂ ਦੇ ਸਾਰੇ ਕੰਮ ਹੁੰਦੇ ਹੀ ਰਹਿਣ ਨੇ, ਸਾਡੇ ਜਿਉਂਦਿਆਂ ਵੀ ਅਤੇ ਸਾਡੇ ਮਗਰੋਂ ਵੀ। ਇਸ ਲਈ ਜ਼ਰੂਰੀ ਕਿ ਆਪਣੇ ਸਮੇਤ ਦੂਜਿਆਂ ਦੀਆਂ ਜਿੰਦਗੀਆਂ ਦੀ ਸੁਰੱਖਿਆ ਬਾਰੇ ਜ਼ਰੂਰ ਸੋਚਿਆ ਜਾਵੇ, ਕਿਉਂਕਿ ਘਰ ਕਦੇ ਵੀ ਨਾ ਪਹੁੰਚਣ ਨਾਲੋਂ ਕਿਤੇ ਚੰਗਾ ਹੈ ਕਿ ਘਰ ਜ਼ਰਾ ਮਾਸਾ ਦੇਰੀ ਨਾਲ ਪਹੁੰਚਿਆ ਜਾਵੇ। ਦੂਜਿਆਂ ਨੂੰ ਦੋਸ਼ ਦੇਣ ਦੇ ਨਾਲ ਅਸੀਂ ਆਪ ਵੀ ਨਿਯਮਾਂ ਦੀ ਪਾਲਣਾ ਕਰਨਾ ਸ਼ੁਰੂ ਕਰ ਦੇਈਏ ਤਾਂ ਕਈ ਬੇਸ਼ਕਿਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਆਮੀਨ !

ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।

ਪੰਜਾਬੀ ਨੌਜਵਾਨੀ ਦਾ ਪਰਵਾਸ

ਪਰਵਾਸ ਸ਼ਬਦ ਪਰ ਅਤੇ ਵਾਸ ਦੋ ਸ਼ਬਦਾਂ ਦਾ ਸੁਮੇਲ ਹੈ।ਪਰ ਤੋਂ ਭਾਵ ਦੂਸਰਾ ਜਾਂ ਪਰਾਇਆ ਹੁੰਦਾ ਹੈ, ਵਾਸ ਕਿਸੇ ਥਾਂ ਦੇ ਰਹਿਣ ਜਾਂ ਵੱਸਣ ਨੂੰ ਕਹਿੰਦੇ ਹਨ।ਇਸ ਤਰ੍ਹਾਂ ਸ਼ਬਦ ਪਰਵਾਸ ਕਿਸੇ ਦੂਜੀ ਥਾਂ ਤੇ ਜਾ ਕਿ ਵੱਸਣ ਨੂੰ ਅਤੇ ਰਹਿਣ ਵਾਲੇ ਲੋਕਾਂ ਨੂੰ ਪਰਵਾਸੀ ਕਹਿੰਦੇ ਹਨ। ਉਹ ਵਿਅਕਤੀ ਜੋ ਅਪਣਾ ਵਤਨ ਤਿਆਗ ਕਿ ਅਣਮਿੱਥੇ ਸਮੇਂ ਲਈ ਵਿਦੇਸ਼ ਚਲਾ ਜਾਦਾ ਹੈ। ਪੰਜਾਬੀ ਨੇ ਵੀਹਵੀਂ ਸਦੀ ਦੇ ਆਰੰਭ ਵਿੱਚ ਰੁਜ਼ਗਾਰ ਤੇ ਆਰਥਿਕ ਪੱਖੋਂ ਵਧੇਰੇ ਕਾਮਯਾਬ ਹੋਣ ਲਈ ਪਰਵਾਸ ਧਾਰਨ ਕਰਦਿਆਂ ਯੂਰਪੀ ਤੇ ਅਮਰੀਕੀ ਮਹਾਦੀਪਾਂ ਵਿੱਚ ਪਰਵਾਸ ਕੀਤਾ। ਵਰਤਮਾਨ ਸਮੇਂ ਪੰਜਾਬੀਆਂ ਦੀ ਵੱਖ-ਵੱਖ ਮੰਤਵਾਂ ਅਧੀਨ ਪਰਵਾਸ ਧਾਰਨ ਕਰਨ ਦੀ ਰੁਚੀ ਨਿਰੰਤਰ ਜਾਰੀ ਹੈ। ਖਾਸਕਰ ਨੌਜਵਾਨ ਪੀੜ੍ਹੀ ਦਾ ਉੱਚ ਸਿੱਖਿਆਂ ਪ੍ਰਾਪਤੀ ਲਈ ਪਰਵਾਸ ਇੱਕ ਰਿਵਾਜ ਜਿਹਾ ਹੀ ਹੋ ਚੱਕਾ ਹੈ।

ਅਸਲ ਵਿੱਚ ਉਹਨਾਂ ਦਾ ਮੁੱਖ ਉਦੇਸ਼ ਸਿਰਫ਼ ਪੜ੍ਹਨਾ ਨਹੀਂ, ਬਲਕਿ ਪੱਛਮੀ ਦੇਸ਼ਾਂ ਵਿੱਚ ਪੱਕੇ ਤੌਰ ਤੇ ਰਹਿਣਾ ਹੈ। ਅੱਜ ਪੰਜਾਬ ਦੇ ਪਿੰਡਾਂ ਦੇ ਪਿੰਡ ਨੌਜਵਾਨੀ ਪੀੜ੍ਹੀ ਤੋਂ ਖਾਲੀ ਹੋ ਗਏ ਜਾਪਦੇ ਹਨ। ਕਿਉਂਕਿ ਸੈਕੰਡਰੀ ਸਿੱਖਿਆਂ ਪ੍ਰਾਪਤੀ ਤੋਂ (ਆਈਲਿਟਸ ਦੇ ਪੇਪਰ) ਬਾਅਦ ਵਿਦੇਸ਼ਾਂ ਦੇ ਕਾਲਜਾਂ ਵਿੱਚ ਪੜ੍ਹਨ ਦੀ ਇਜਾਜਤ ਮਿਲ ਜਾਦੀ ਹੈ।ਬੇਸ਼ੱਕ ਜਦੋਂ ਵੀ ਕੋਈ ਨੌਜਵਾਨ ਪਰਵਾਸ ਕਰਦਾ ਹੈ। ਬਹੁਤ ਹੀ ਆਸ਼ਾਵਾਦੀ ਸੋਚ ਮੁਤਾਬਿਕ ਹੀ ਉਜਵੱਲ ਭੱਵਿਖ ਦੀ ਕਲਪਨਾ ਕਰਦਾ ਹੈ ਅਤੇ ਪ੍ਰਾਪਤੀਆਂ ਵੀ ਕਰ ਰਿਹਾ ਹੈ। ਜਿਹੜੇ ਪਰਿਵਾਰ ਆਰਥਿਕ ਪੱਖ ਤੋਂ ਕੁਝ ਸਾਲ ਪਹਿਲਾ ਕਮਜੋਰ ਸਨ, ਉਨ੍ਹਾਂ ਦੇ ਬੱਚੇ ਵਿਦੇਸ਼ਾ ਵਿੱਚ ਭਾਵੇਂ ਪੜ੍ਹਾਈ ਦੇ ਤੌਰ ਤੇ ਗਏ ਸਨ, ਆਰਥਿਕਤਾ ਪੱਖੋਂ ਹੈਰਾਨੀਜਨਕ ਬਦਲਾਅ ਆਇਆ ਹੈ। ਜਿਸ ਕਾਰਨ ਨੌਜਵਾਨ ਵਰਗ ਦਾ ਵਿਦੇਸ਼ਾ ਨੂੰ ਜਾਣ ਦਾ ਰੁਝਾਨ ਵੱਧ ਚੁੱਕਾ ਹੈ।

ਜਿਸ ਤਰ੍ਹਾਂ ਇੱਕ ਫ਼ਸਲ ਦੇ ਬੀਜ ਉੱਗਣ ਸਮੇਂ ਖੇਤ ਵਿੱਚ ਨਦੀਨ ਆਪਣੇ ਆਪ ਉੱਗ ਆਉਂਦਾ ਹੈ। ਉਸੇ ਤਰ੍ਹਾਂ ਜਿੱਥੇ ਪਰਵਾਸ ਪੰਜਾਬੀ ਲੋਕਾਂ ਲਈ ਵਰਦਾਨ ਸਾਬਿਤ ਹੋਇਆ ਹੈ ਤਾਂ ਵਰਦਾਨ ਬਦਲੇ ਕੁਝ ਸਾਰਪ ਵੀ ਝੱਲਣਾ ਪਿਆ ਹੈ। ਪਰਵਾਸ ਸਿਰਫ਼ ਸ਼ੌਕ ਹੀ ਨਹੀਂ ਬਲਕਿ ਮਜਬੂਰੀ ਵੀ ਹੈ। ਜਿਹੜੀ ਨੌਜਵਾਨੀ ਪਰਵਾਸ ਕਰ ਰਹੀ ਹੈ, ਇੱਕ ਚਿੰਤਕ ਪੀੜ੍ਹੀ ਹੈ। ਕਿਉਂਕਿ ਸਾਡੇ ਦੇਸ਼ ਵਿੱਚ ਖਾਸ਼ਕਰ ਪੰਜਾਬ ਵਿੱਚ ਰੁਜਗਾਰ ਦੇ ਸਹੀ ਮੌਕੇ ਨਹੀਂ ਪ੍ਰਾਪਤ ਨਹੀਂ ਹੁੰਦੇ। ਇਸ ਦੇ ਉਲਟ ਪੱਛਮੀ ਦੇਸ਼ਾਂ ਵਿੱਚ ਉੱਚੇ ਦਰਜੇ ਦੀ ਵਿੱਦਿਆਂ ਦੇ ਨਾਲ-ਨਾਲ ਰੁਜ਼ਗਾਰ ਦੇ ਅਵਸਰ ਵੀ ਪ੍ਰਾਪਤ ਹੋ ਜਾਦੇ ਹਨ, ਬੇਸ਼ੁੱਕ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨਾ ਬਹੁਤ ਕਠਿਨ ਹੁੰਦਾ ਹੈ। ਪਰ ਜਦ ਕੀਤੀ ਕਮਾਈ ਦੀ ਗੁਣਾਂ ੫੦ ਨਾਲ ਹੁੰਦੀ ਹੈ, ਸਾਰੇ ਦੁੱਖ ਭੁੱਲ ਜਾਦੇ ਹਨ।ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਤੋਂ ਉਹਨਾਂ ਦੀ ਆਮਦਨ ਦਾ ਕੁਝ ਹਿੱਸਾ ਟੈਕਸ ਦੇ ਰੂਪ ਵਿੱਚ ਲਿਆ ਜਾਦਾ ਹੈ। ਪਰ ਇਸ ਬਦਲੇ ਉਨ੍ਹਾਂ ਨੂੰ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਸਭ ਤੋਂ ਅਹਿਮ ਗੱਲ ਵਿਦੇਸ਼ਾਂ ਵਿੱਚ ਰਹਿ



ਦੁਨੀਆਂ ਲਈ ਚੁਣੌਤੀ ਬਣ ਰਹੇ
ਨਸ਼ਈ ਮਾਵਾਂ ਦੇ ਨਸ਼ਈ ਬੱਚੇ

ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ ਪਿੰਡ ਲਾਇਬਰੇਰੀ ਨਹੀਂ ਖੋਲੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ । ਅਸੀਂ ਪਿੰਡ ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ ਕੇ ਪੰਜਾਬ ਨੂੰ ਨਸ਼ੀਆਂ ਦਾ ਸੂਬਾ ਬਣਾ ਦਿੱਤਾ ਹੈ । ਭਾਰਤ ਦੇ ਜਿੰਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ । ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੁਆਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰ ਵਾਸੀਆਂ ਮਨਭਾਉਂਦੀ ਖੁਰਾਕ ਹੋਵੇ ।ਠਕਿਆਂ ਦੇ ਨਾਲ ਅਹਾਤੇ ਖੋਲੇ ਹਨ ਤਾਂ ਜੋ ਲੋਕਾਂ ਨੂੰ ਸ਼ਰਾਬ ਪੀਣੀ ਆਸਾਨ ਹੋ ਜਾਵੇ ।

ਪੰਜਾਬ ਦੇ ਸਿਹਤ ਤੇ ਪ੍ਰਵਾਰ ਭਲਾਈ ਮੰਤਰੀ ਨੇ ਇਕ ਬੜਾ ਹਾਸੋਹੀਣਾ ਬਿਆਨ ਦਿੱਤਾ ਹੈ ਕਿ ਸ਼ਰਾਬ ਸਿਹਤ ਲਈ ਕੋਈ ਨੁਕਸਾਨਦਾਇਕ ਨਹੀਂ। ਉਨ੍ਹਾਂ ਦੀ ਇਸ ਸੰਬੰਧੀ ਦਲੀਲ ਇਹ ਹੈ ਕਿ ਜੇ ਸ਼ਰਾਬ ਮਾੜੀ ਹੋਵੇ ਤਾਂ ਸ਼ਰਾਬ ਦੇ ਕਾਰਖਾਨੇ ਕਿਉਂ ਚਲ ਰਹੇ ਹਨ ? ਪੰਜਾਬ ਸਰਕਾਰ ਨੇ ਸ਼ਰਾਬ ਦੇ ਠੇਕੇ ਕਿਉਂ ਖੋਲੇ ਹਨ ? ਭਾਰਤ ਦਾ ਦੁਖਾਂਤ ਇਹੋ ਹੈ ਕਿ ਇੱਥੇ ਮੰਤਰੀਆਂ ਨੂੰ ਅਜਿਹੇ ਵਿਭਾਗ ਦਿੱਤੇ ਜਾਂਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਦੇ ਮੁਕਾਬਲੇ 'ਤੇ ਅਮਰੀਕਾ ਵਿਚ ਮਹਿਕਮੇ ਦੀ ਜਾਣਕਾਰੀ ਵਾਲੇ ਨੂੰ ਹੀ ਸੰਬੰਧਿਤ ਵਿਭਾਗ ਦਾ ਆਮ ਤੌਰ 'ਤੇ ਮੰਤਰੀ ਬਣਾਇਆ ਜਾਣਾ ਹੈ। ਇਸ ਸਮੇਂ ਅਮਰੀਕਾ ਦੇ ਵਿਦਿਆ ਮੰਤਰੀ ਤੇ ਉਪ ਵਿਦਿਆ ਮੰਤਰੀ ਵਿਦਿਆ ਵਿਚ ਪੀ-ਐਚ. ਡੀ. ਹਨ ਤੇ ਉਹ ਇਕ ਸਮੇਂ ਸਕੂਲ ਵਿਚ ਅਧਿਆਪਕ ਸਨ ਪਰ ਭਾਰਤ ਦੀ ਸਿੱਖਿਆ ਮੰਤਰੀ ਨੇ ਕਾਲਜ ਦਾ ਮੂੰਹ ਨਹੀਂ ਵੇਖਿਆ,ਇਸੇ ਕਰਕੇ ਉਸ ਦੇ ਕਈ ਵਿਵਾਦ ਗ੍ਰਸਤ ਬਿਆਨ ਆਉਂਦੇ ਰਹਿੰਦੇ ਹਨ।

ਜਿਆਣੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਜਰਾਤ ਸੂਬੇ ਵਿਚ ਪਿਛਲੇ ਲੰਮੇ ਸਮੇਂ ਤੋਂ ਸ਼ਰਾਬ 'ਤੇ ਪਾਬੰਦੀ ਹੈ। ਬਿਹਾਰ ਚੋਣਾਂ ਸਮੇਂ ਬਿਹਾਰ ਦੀਆਂ ਔਰਤਾਂ ਨਾਲ ਸੰਬੰਧਿਤ ਜਥੇਬੰਦੀਆਂ ਨੇ ਮੰਗ ਕੀਤੀ ਸੀ ਕਿ ਰਾਜਨੀਤਕ ਪਾਰਟੀਆਂ ਗੁਜਰਾਤ ਵਾਂਗ ਸ਼ਰਾਬ ਬੰਦੀ ਨੂੰ ਵੀ ਚੋਣ ਮੈਨੀਫੈਸਟੋ ਵਿਚ ਸ਼ਾਮਲ ਕਰਨ। ਸਿੱਟੇ ਵਜੋਂ ਹਾਕਮ ਪਾਰਟੀ ਨੇ ਇਸ ਨੂੰ ਸ਼ਾਮਲ ਕੀਤਾ ਤੇ ਹੁਣ ਨਤੀਸ਼ ਕੁਮਾਰ ਨੇ ਇਸ ਚੋਣ ਵਾਅਦੇ ਨੂੰ ਲਾਗੂ ਕਰ ਦਿੱਤਾ ਹੈ ।ਹੁਣ ਬਿਹਾਰ ਦੇਸ਼ ਦਾ ਦੂਸਰਾ ਨਸ਼ਾਮੁਕਤ ਸੂਬਾ ਬਣ ਗਿਆ ਹੈ ।ਅਕਾਲੀ,ਕਾਂਗਰਸੀ,ਭਾਜਪਾ ਤੇ ਹੋਰ ਕਈ ਰਾਜਨੀਤਕ ਪਾਰਟੀਆਂ ਦੇ ਮੈਂਬਰ ਬਣਨ ਸਮੇਂ ਜਿਹੜਾ ਮੈਂਬਰਸ਼ਿਪ ਫਾਰਮ ਭਰਵਾਇਆ ਜਾਂਦਾ ਹੈ,ਉਸ ਵਿਚ ਹਲਫ਼ੀਆ ਬਿਆਨ ਦੇਣਾ ਪੈਂਦਾ ਕਿ ਮੈਂ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਨਹੀਂ ਕਰਦਾ।

ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ ਪਿੰਡ ਲਾਇਬਰੇਰੀ ਨਹੀਂ ਖੋਲੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ । ਅਸੀਂ ਪਿੰਡ ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ ਕੇ ਪੰਜਾਬ ਨੂੰ ਨਸ਼ੀਆਂ ਦਾ ਸੂਬਾ ਬਣਾ ਦਿੱਤਾ ਹੈ। ਭਾਰਤ ਦੇ ਜਿੰਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ। ਸਾਡੇ ਗੁਆਂਢੀ ਸੂਬੇ ਹਰਿਆਣਾ ਇਸ ਦੀ ਉਦਾਹਰਨ ਹੈ। ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੁਆਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰ ਵਾਸੀਆਂ ਮਨਭਾਉਂਦੀ ਖੁਰਾਕ ਹੋਵੇ ।ਠਕਿਆਂ ਦੇ ਨਾਲ ਅਹਾਤੇ ਖੋਲੇ ਹਨ ਤਾਂ ਜੋ ਲੋਕਾਂ ਨੂੰ ਸ਼ਰਾਬ ਪੀਣੀ ਆਸਾਨ ਹੋ ਜਾਵੇ।

ਜਿਆਣੀ ਤੋਂ ਪੁੱਛਣਾ ਬਣਦਾ ਹੈ ਕਿ ਜੇ ਸ਼ਰਾਬ ਸਿਹਤ ਲਈ ਹਾਨੀਕਾਰਕ ਨਹੀਂ ਤਾਂ ਸਿੱਖ ਰਹਿਤ ਮਰਿਆਦਾ ਤੇ ਮੁਸਲਮਾਨ ਦੇਸ਼ਾਂ ਤੋਂ ਇਲਾਵਾ ਭਾਰਤ ਦੇ ਹਰਦੁਆਰ ਤੇ ਹੋਰ ਪਵਿੱਤਰ ਸ਼ਹਿਰਾਂ ਤੇ ਸੂਬਿਆਂ ਵਿਚ ਇਸ ਦੀ ਮਨਾਹੀ ਕਿਉਂ ਹੈ ?

ਪੰਜਾਬ ਦੇ ਨੌਜੁਆਨ ਵਿਦੇਸ਼ਾਂ ਵਾਂਗ ਮਹਿੰਗੇ ਨਸ਼ਿਆਂ ਦਾ ਤਿਆਗ ਕਰਕੇ ਸਸਤੀਆਂ ਗੋਲੀਆਂ ਜੋ ਕਿ ਆਮ ਮਿਲਦੀਆਂ ਹਨ ਦੀ ਵਰਤੋਂ ਕਰਨ ਲੱਗ ਪਏ ਹਨ। ਜਿੱਥੇ ਹੈਰੋਇਨ ਲਈ ਕਥਿਤ ਤੌਰ 'ਤੇ 1500 ਰੁਪਏ ਤੋਂ 3000 ਰੁਪਏ ਪ੍ਰਤੀ ਗ੍ਰਾਮ ਖਰਚਣੇ ਪੈਂਦੇ ਹਨ, ਉੱਥੇ ਉਹ ਦਰਦ ਦੂਰ, ਖੰਘ ਦੂਰ ਕਰਨ ਵਰਗੀਆਂ ਦਵਾਈਆਂ ਜੋ ਨਸ਼ਾਂ ਦੇਦੀਆਂ ਹਨ,ਦੀ ਥੋੜ੍ਹੇ ਪੈਸੇ ਖਰਚ ਕੇ ਵਰਤੋਂ ਕਰਨ ਲੱਗੇ ਹਨ। ਇਸ ਲਈ ਮਕਸਦ ਲਈ ਵਰਤੀ ਜਾਂਦੀ ਬਪਰੇਨੋਰਫਿਨ ਦੀ ਗੋਲੀ ਕ੍ਰੀਬ 7 ਰੁਪਏ ਦੀ ਮਿਲ ਜਾਂਦੀ ਹੈ। ਇਹ ਗੋਲੀ ਤਾਂ ਹੈ ਨਸ਼ਾ ਛੁਡਾਉਣ ਲਈ ਪਰ ਲੋਕ ਇਸ ਦੀ ਦੁਰਵਰਤੋਂ ਕਰਨ ਲੱਗੇ ਹਨ।

ਪਦਾਰਥਵਾਦੀ ਜੁੱਗ ਵਿੱਚ ਨਸ਼ਿਆਂ ਨੇ ਸਾਰੇ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ ਤੇ ਇਸ ਦੀ ਗ੍ਰਿਫ਼ਤ ਵਿਚੋਂ ਨਿਕਲਣ ਲਈ ਸਾਰੀ ਦੁਨੀਆਂ ਵਿਚ ਜਤਨ ਹੋ ਰਹੇ ਹਨ ।ਜਿਆਣੀ ਪਾਸ ਜਿਹੜਾ ਮਹਿਕਮਾ ਹੈ ਉਸ ਦਾ ਕੰਮ ਵੀ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਦੀ ਸਿੱਖਿਆ ਦੇਣਾ ਹੈ। ਨਸ਼ਿਆਂ ਦੇ ਬੁਰੇ ਪ੍ਰਭਾਵ ਦਾ ਸਭ ਤੋਂ ਮਾੜਾ ਅਸਰ ਗਰਭਵਤੀ ਔਤਰਾਂ 'ਤੇ ਪੈ ਰਿਹਾ ਹੈ ।ਨਸ਼ਈ ਮਾਵਾਂ ਨਾ ਕੇਵਲ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਸਗੋਂ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ, ਜੋ ਦੁਨੀਆਂ ਲਈ ਚੁਣੌਤੀ ਬਣ ਰਹੇ ਹਨ। ਭਾਰਤ ਵਿਚ ਵੀ ਹੁਣ ਆਦਮੀਆਂ ਵੱਲ ਵੇਖ ਕੇ ਇਸਤ੍ਰੀਆਂ ਵੀ ਸ਼ਰਾਬ, ਸਿਗਰਟਨੋਸ਼ੀ, ਸਮੈਕ ਵਗੈਰਾ ਦੀ ਵਰਤੋਂ ਕਰਨ ਲੱਗ ਪਈਆਂ ਹਨ, ਜਿਸ ਨੂੰ ਫੌਰੀ ਠਲ ਪਾਉਣ ਦੀ ਲੋੜ ਹੈ।

ਜਿਹੜੀਆਂ ਔਰਤਾਂ ਗਰਭਵਤੀ ਹੋਣ ਦੇ ਬਾਵਜੂਦ ਵੀ ਨਸ਼ਿਆਂ ਦੀ ਵਰਤੋਂ ਜਾਰੀ ਰਖਦੀਆਂ ਹਨ, ਉਹ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ। ਨਸ਼ਈ ਬੱਚਿਆਂ ਨੂੰ ਜੰਮਣ ਤੋਂ ਹੀ ਡਾਕਟਰਾਂ ਨੂੰ ਸਾਂਭ ਸੰਭਾਲ ਲਈ ਜੂਝਣਾ ਪੈਂਦਾ ਹੈ ।ਗਰਭਵਤੀ ਔਰਤਾਂ ਵੱਲੋਂ ਦਰਦ ਦੂਰ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਕੋਕੀਨ, ਹਾਈਡਰੋਕੋਡੀਨ, ਮੈਥਾਡੋਨ, ਹਾਈਡਰੋਮਾਰਫੋਨ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਸਮੈਕ,ਹੈਰੋਇਨ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਕੇ ਨਸ਼ਈ ਬੱਚੇ ਪੈਦਾ ਹੋ ਰਹੇ ਹਨ। ਇਨ੍ਹਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ।ਅਮਰੀਕਾ ਵਿਚ ਹਰ 25 ਮਿੰਟ ਬਾਦ ਨਸ਼ਈ ਬੱਚਾ ਪੈਦਾ ਹੁੰਦਾ ਹੈ,ਜਿਸ ਨੂੰ ਜੰਮਦਿਆਂ ਹੀ ਨਸ਼ਾ ਦੇਣਾ ਪੈਂਦਾ ਹੈ ।ਅਮਰੀਕਾ ਦੇ ਓਹਾਈਹੋ ਸੂਬੇ ਵਿਚ ਅਜਿਹੇ ਬੱਚਿਆਂ ਦੀ ਗਿਣਤੀ 2004 ਵਿਚ 199 ਸੀ, ਜੋ 2013 ਵਿਚ ਵੱਧ ਕੇ 1691 ਹੋ ਗਈ। ਇਹ ਬੱਚੇ ਜੰਮਦਿਆਂ ਹੀ ਚੀਕ ਚਿਹਾੜਾ ਮਚਾਉਂਦੇ ਹਨ ਤੇ ਤੁਸੀ ਇਨ੍ਹਾਂ ਨੂੰ ਚੁੱਪ ਨਹੀਂ ਕਰਾ ਸਕਦੇ । ਇਨ੍ਹਾਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਜੰਮਣ ਦੇ 2 ਘੰਟੇ ਬਾਦ ਇਨ੍ਹਾਂ ਨੂੰ ਕਬਜ਼ ਹੋ ਜਾਂਦੀ ਹੈ, ਸੁਸਤੀ ਪਈ ਰਹਿੰਦੀ ਹੈ। ਜੰਮਦਿਆਂ ਹੀ ਦੁੱਧ ਪਿਆਉਣ ਪਿਛੋਂ ਇਨ੍ਹਾਂ ਦੀ ਤਿੰਨ ਤੋਂ ਚਾਰ ਘੰਟਿਆਂ ਪਿੱਛੋਂ 22 ਨੁਕਤਿਆਂ ਵਾਲੀ ਇਕ ਸੂਚੀ ਅਨੁਸਾਰ ਇਨ੍ਹਾਂ ਦੀ ਪੜਤਾਲ ਕੀਤੀ ਜਾਂਦੀ ਹੈ, ਜਿਸ ਵਿਚ ਦਿਮਾਗੀ ਅਵਸਥਾ, ਮਿਹਦਾ ਤੇ ਅੰਤੜੀਆਂ, ਆਮ ਸਿਹਤ ਆਦਿ ਸ਼ਾਮਲ ਹੈ। ਇਨ੍ਹਾਂ ਬੱਚਿਆਂ ਨੂੰ ਉਲਟੀਆਂ, ਦਸਤ, ਪਾਣੀ ਦੀ ਘਾਟ, ਨਾਸਾ ਬੰਦ ਹੋਣ ਵਰਗੀਆਂ ਅਲਾਮਤਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਚੰਗੀ ਸਾਂਭ ਸੰਭਾਲ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਨੂੰ ਕੋਈ ਨਾ ਕੋਈ ਨੀਂਦ ਲਿਆਉਣ, ਦਰਦ ਦੂਰ ਕਰਨ ਵਾਲੀ ਦੁਆਈ ਦੇਣੀ ਪੈਂਦੀ ਹੈ। ਇਹ ਆਮ ਬੱਚਿਆਂ ਦੀ ਤਰ੍ਹਾਂ ਖਲੋਂ ਨਹੀਂ ਸਕਦੇ। ਇਸ ਤਰ੍ਹਾਂ ਦੀਆਂ ਅਨੇਕਾਂ ਸਮੱਸਿਆਵਾਂ ਨਾਲ ਇਨ੍ਹਾਂ ਨੂੰ ਦੋ ਚਾਰ ਹੋਣਾ ਪੈਂਦਾ ਹੈ ।ਨਸ਼ਈ ਮਾਵਾਂ ਦੇ ਇਹ ਬੱਚੇ ਕਈ ਹਫਤੇ ਪਹਿਲਾਂ ਜਨਮ ਲੈ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿਚ ਜੰਮਦਿਆਂ ਹੀ ਆਕਸੀਜਨ ਦੇਣੀ ਪੈਂਦੀ ਹੈ ਤੇ ਅਕਸਰ ਘਰ ਵੀ ਆਕਸੀਜਨ ਲਗਾ ਕੇ ਲਿਆਂਉਣਾ ਪੈਂਦਾ ਹੈ। ਇਨ੍ਹਾਂ ਬੱਚਿਆਂ ਦੀ ਮਰਨ ਦਰ ਆਮ ਬੱਚਿਆਂ ਨਾਲੋਂ ਕਈ ਗੁਣਾ ਵੱਧ ਹੈ।



ਅਮਰੀਕਾ ਇਸ ਸਮੇਂ ਨਸ਼ਿਆਂ ਦੀ ਮਾਰ ਹੇਠ ਹੈ। ਅਮਰੀਕਾ ਦੇ ਪ੍ਰਸਿੱਧ ਪੇਪਰ ਦਾ ਇਕਾਨੋਮਿਸਟ ਅਨੁਸਾਰ ਅੱਜ ਤੋਂ 50 ਸਾਲ ਪਹਿਲਾਂ ਹੈਰੋਇਨ ਕੇਵਲ ਪੁਰਸ਼ ਵਰਤਦੇ ਸਨ ਤੇ ਉਹ ਵੀ ਜਵਾਨ। ਉਨ੍ਹਾਂ ਵਿੱਚ ਵੀ ਕਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਪਰ ਹੁਣ ਇਨ੍ਹਾਂ ਵਿਚ ਅੱਧੀਆਂ ਔਰਤਾਂ ਹਨ। ਪੁਰਸ਼ਾਂ ਵਿਚ 90 ਪ੍ਰਤੀਸ਼ਤ ਗੋਰੇ ਅਮਰੀਕੀ ਹਨ। ਸਾਲ 2007 ਵਿਚ 3 ਲੱਖ 70 ਹਜ਼ਾਰ ਵਿਅਕਤੀ ਹੈਰੋਇਨ ਵਰਤਦੇ ਸਨ। ਇਹ ਗਿਣਤੀ 2013 ਵਿਚ ਦੁਗਣੀ ਤੋਂ ਵੱਧ 6 ਲੱਖ 80 ਹਜ਼ਾਰ ਹੋ ਗਈ। ਜਿੱਥੇ ਕੋਕੀਨ ਦੀ ਅਮਰੀਕਾ ਵਿਚ ਵਰਤੋਂ ਵੱਧ ਰਹੀ ਹੈ ਉੱਥੇ ਯੂਰਪ ਵਿਚ ਪਿਛਲੇ ਦਹਾਕੇ ਵਿਚ ਇਸ ਦੀ ਵਰਤੋਂ ਇਕ ਤਿਹਾਈ ਘੱਟੀ ਹੈ। ਅਮਰੀਕਾ ਵਿਚ ਹੈਰੋਇਨ ਦੀ ਮੰਗ ਬੜੀ ਤੇਜ਼ੀ ਨਾਲ ਵੱਧੀ ਹੈ ,ਉੱਥੇ ਸਪਲਾਈ ਵੀ ਬੜੀ ਤੇਜ਼ੀ ਨਾਲ ਵੱਧੀ ਹੈ। ਦੁਨੀਆਂ ਵਿਚ ਅਫ਼ੀਮ ਦੀ 80 ਪ੍ਰਤੀਸ਼ਤ ਪੈਦਾਵਾਰ ਅਫਗਾਨਿਸਤਾਨ ਵਿਚ ਹੁੰਦੀ ਹੈ, ਪਰ ਅਮਰੀਕਾ ਵਿਚ ਮੈਕਸੀਕੋ ਤੋਂ ਹੈਰੋਇਨ ਜਾਂਦੀ ਹੈ। ਅਫਗਾਨਿਸਤਾਨ ਤੇ ਮਾਇਨਮਾਰ ਤੋਂ ਬਾਦ ਮੈਕਸੀਕੋ ਅਫ਼ੀਮ ਪੈਦਾ ਕਰਨ ਵਾਲਾ ਤੀਸਰਾ ਵਡਾ ਦੇਸ਼ ਹੈ।

ਅਮਰੀਕਾ ਹੀ ਨਹੀਂ ਸਾਰੀ ਦੁਨੀਆਂ ਇਸ ਦੀ ਮਾਰ ਹੇਠ ਹੈ,ਇਸ ਲਈ ਵਿਸ਼ਵ ਭਰ ਵਿਚ ਇਸ ਵਿਰੁਧ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ। ਨਸ਼ਾ ਮੁਕਤ ਸਮਾਜ ਹੀ ਚੰਗਾ ਸਮਾਜ ਬਣ ਸਕਦਾ ਹੈ। ਸਮਾਜ ਸੇਵੀ ਸੰਸਥਾਵਾਂ ਇਸ ਦਿਸ਼ਾ ਵਿਚ ਚੰਗਾ ਕੰਮ ਕਰ ਰਹੀਆਂ ਹਨ ਪਰ ਸਰਕਾਰਾਂ ਨੂੰ ਵੀ ਇਸ ਬਾਰੇ ਉਸਾਰੂ ਕਦਮ ਚੁਕਣ ਦੀ ਲੋੜ ਹੈ। ਅਫ਼ੀਮ ਦੀ ਪੈਦਾਵਾਰ ਉਨੀ ਹੀ ਕੀਤੀ ਜਾਵੇ ਜਿੰਨੀ ਕਿ ਦਵਾਈਆਂ ਲਈ ਲੋੜੀਂਦੀ ਹੈ। ਨਸ਼ਾ ਪੈਦਾ ਕਰਨ ਵਾਲੀਆਂ ਦਵਾਈਆਂ ਦੀ ਵਿਕਰੀ ਉਪਰ ਵੀ ਕੰਟਰੋਲ ਕਰਨ ਦੀ ਲੋੜ ਹੈ। ਜੇ ਮਾਤਾ ਪਿਤਾ ਨਸ਼ੇ ਦੀ ਵਰਤੋਂ ਬੰਦ ਕਰ ਦੇਣ ਤਾਂ ਉਨ੍ਹਾਂ ਦੀ ਔਲਾਦ ਵੀ ਜ਼ਰੂਰ ਪ੍ਰਹੇਜ਼ ਕਰੇਗੀ। ਇਸ ਲਈ ਨਸ਼ਿਆਂ ਦੀ ਰੋਕਥਾਮ ਘਰ ਤੋਂ ਹੋਣੀ ਚਹੀਦੀ ਹੈ ।ਜਿੱਥੇ ਪੰਜਾਬ ਸਮੇਤ ਭਾਰਤ ਦੇ ਸਾਰੇ ਸੂਬਿਆਂ ਨੂੰ ਵੀ ਗੁਜਰਾਤ , ਬਿਹਾਰ ਤੇ ਮੁਸਲਮ ਦੇਸ਼ਾਂ ਵਾਲੀ ਨੀਤੀ ਅਪਣਾ ਕੇ ਸ਼ਰਾਬ ਦੇ ਠੇਕੇ ਬੰਦ ਕਰਨੇ ਚਾਹੀਦੇ ਹਨ,ਉੱਥੇ ਵਿਦੇਸ਼ਾਂ ਵਿਚ ਵੀ ਲੋਕਾਂ ਨੂੰ ਸ਼ਰਾਬ ਸਮੇਤ ਸਾਰਿਆਂ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ।

ਚਰਨਜੀਤ ਸਿੰਘ ਗੁੰਮਟਾਲਾ
001-937-573-9812
gumtalacs@gmail.com



ਜਨਤਕ ਥਾਵਾਂ ਦੀ ਸਫ਼ਾਈ ਸਾਡੀ ਸਾਂਝੀ ਜ਼ਿੰਮੇਵਾਰੀ



ਤਿਉਹਾਰ ਕਿਸੇ ਵੀ ਸਮਾਜ ਦੇ ਸੱਭਿਆਚਾਰ, ਧਾਰਮਿਕ ਆਸਥਾ ਅਤੇ ਖੁਸ਼ੀਆਂ ਦੇ ਪ੍ਰਤੀਕ ਹੁੰਦੇ ਹਨ। ਇਹ ਸਾਨੂੰ ਆਪਸੀ ਭਾਈਚਾਰਕ ਸਾਂਝ, ਪਿਆਰ, ਮਿਲਵਰਤਣ ਅਤੇ ਖੁਸ਼ੀਆਂ ਵੰਡਣ ਦਾ ਸੁਨੇਹਾ ਦਿੰਦੇ ਹਨ। ਹਰ ਤਿਉਹਾਰ ਪਿੱਛੇ ਕੋਈ ਨਾ ਕੋਈ ਇਤਿਹਾਸਕ, ਧਾਰਮਿਕ ਜਾਂ ਸੱਭਿਆਚਾਰਕ ਮਹੱਤਵ ਜੁੜਿਆ ਹੁੰਦਾ ਹੈ, ਜਿਸ ਨੂੰ ਮਨਾਉਣ ਲਈ ਲੋਕ ਆਪੋ-ਆਪਣੇ ਰੀਤੀ-ਰਿਵਾਜਾਂ ਅਨੁਸਾਰ ਪ੍ਰਬੰਧ ਕਰਦੇ ਹਨ। ਸਮੇਂ ਦੇ ਬਦਲਾਅ ਨਾਲ ਤਿਉਹਾਰ ਮਨਾਉਣ ਦੇ ਢੰਗਾਂ ਵਿੱਚ ਵੀ ਕਾਫ਼ੀ ਤਬਦੀਲੀ ਆਈ ਹੈ। ਪਹਿਲਾਂ ਤਿਉਹਾਰ ਸਾਦਗੀ, ਸਾਂਝ ਅਤੇ ਕੁਦਰਤ ਨਾਲ ਇਕਸੁਰਤਾ ਵਿੱਚ ਮਨਾਏ ਜਾਂਦੇ ਸਨ, ਪਰ ਅੱਜ ਕਈ ਵਾਰ ਦਿਖਾਵੇ, ਭੀੜ ਅਤੇ ਬੇਲੋੜੀਆਂ ਗਤੀਵਿਧੀਆਂ ਦੀ ਦੌੜ ਵਿੱਚ ਅਸੀਂ ਇਨ੍ਹਾਂ ਦੇ ਅਸਲ ਮਕਸਦ ਨੂੰ ਹੀ ਪਿੱਛੇ ਛੱਡ ਦਿੰਦੇ ਹਾਂ। ਤਿਉਹਾਰ ਮਨਾਉਣ ਦੀ ਖੁਸ਼ੀ ਉਦੋਂ ਹੀ ਸਾਰਥਕ ਹੈ, ਜਦੋਂ ਸਾਡੀਆਂ ਖੁਸ਼ੀਆਂ ਕਿਸੇ ਦੂਜੇ ਦੀ ਸਿਹਤ, ਸਮਾਜ ਦੀ ਸ਼ਾਂਤੀ ਜਾਂ ਕੁਦਰਤ ਦੇ ਨੁਕਸਾਨ ਦਾ ਕਾਰਨ ਨਾ ਬਣਨ। ਜਨਤਕ ਥਾਵਾਂ ਕਿਸੇ ਵੀ ਸ਼ਹਿਰ ਦੀ ਖੂਬਸੂਰਤੀ ਦਾ ਗਹਿਣਾ ਹੀ ਨਹੀਂ, ਸਗੋਂ ਸਮਾਜ ਦੀ ਸਾਂਝੀ ਵਿਰਾਸਤ ਹੁੰਦੀਆਂ ਹਨ। ਪਾਰਕ, ਬਗੀਚੇ, ਝੀਲਾਂ, ਦਰਿਆਵਾਂ ਦੇ ਕੰਢੇ, ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਅਤੇ ਹੋਰ ਖੁੱਲ੍ਹੀਆਂ ਥਾਵਾਂ ਲੋਕਾਂ ਲਈ ਸੈਰ-ਸਪਾਟੇ, ਮਨੋਰੰਜਨ ਅਤੇ ਕੁਦਰਤ ਨਾਲ ਜੁੜਨ ਦਾ ਸਾਧਨ ਹਨ। ਪਰ ਅਫ਼ਸੋਸ! ਜਿਹੜੇ ਲੋਕ ਇਨ੍ਹਾਂ ਥਾਵਾਂ ਦੀ ਖੂਬਸੂਰਤੀ ਨੂੰ ਨਿਹਾਰਨ ਆਉਂਦੇ ਹਨ, ਉਨ੍ਹਾਂ ਵਿੱਚੋਂ ਹੀ ਕੁਝ ਲੋਕ ਇਨ੍ਹਾਂ ਦੀ ਸਿਹਤ ਵਿਗਾੜਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਇਸ ਵਾਰ ਛੱਠ ਪੂਜਾ ਦੇ ਨਾਂ 'ਤੇ ਹੋਈਆਂ ਗਤੀਵਿਧੀਆਂ ਨੇ ਜਨਤਕ ਥਾਵਾਂ ਦੀ ਸਫ਼ਾਈ ਅਤੇ ਵਾਤਾਵਰਨ ਦੀ ਸੁਰੱਖਿਆ ਸਬੰਧੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਧਾਰਮਿਕ ਆਸਥਾ ਮਨੁੱਖ ਦੀ ਨਿੱਜੀ ਭਾਵਨਾ ਹੈ ਅਤੇ ਹਰ ਕਿਸੇ ਨੂੰ ਆਪਣੇ ਧਾਰਮਿਕ ਵਿਸ਼ਵਾਸ ਅਨੁਸਾਰ ਤਿਉਹਾਰ ਮਨਾਉਣ ਦਾ ਪੂਰਾ ਅਧਿਕਾਰ ਹੈ। ਛੱਠ ਪੂਜਾ ਵੀ ਸ਼ਰਧਾ ਅਤੇ ਸੂਰਜ ਦੇਵਤਾ ਦੀ ਉਪਾਸਨਾ ਨਾਲ ਜੁੜਿਆ ਮਹੱਤਵਪੂਰਨ ਤਿਉਹਾਰ ਹੈ। ਪਰ ਸਵਾਲ ਇਹ ਹੈ ਕਿ ਕੀ ਆਸਥਾ ਦੇ ਨਾਂ 'ਤੇ ਜਨਤਕ ਥਾਵਾਂ ਅਤੇ ਕੁਦਰਤੀ ਸਰੋਤਾਂ ਨੂੰ ਪ੍ਰਦੂਸ਼ਿਤ ਕਰਨ ਦਾ ਅਧਿਕਾਰ ਵੀ ਮਿਲ ਜਾਂਦਾ ਹੈ? ਪੂਜਾ ਸਮੱਗਰੀ, ਫੁੱਲਾਂ, ਪਲਾਸਟਿਕ, ਪੈਕਿੰਗ ਦੇ ਲਿਫ਼ਾਫ਼ਿਆਂ ਅਤੇ ਹੋਰ ਰਹਿੰਦ-ਖੂੰਹਦ ਨੂੰ ਜਲ ਸਰੋਤਾਂ ਜਾਂ ਜਨਤਕ ਥਾਵਾਂ 'ਤੇ ਸੁੱਟਣਾ ਕਿਹੜੀ ਧਾਰਮਿਕ ਮਰਿਆਦਾ ਹੈ? ਕੀ ਸੂਰਜ ਦੇਵਤਾ ਦੀ ਪੂਜਾ ਕਰਦਿਆਂ ਉਸੇ ਕੁਦਰਤ ਨੂੰ ਗੰਦਾ ਕਰਨਾ ਜਾਇਜ਼ ਹੈ, ਜਿਸ ਦੀ ਬਦੌਲਤ ਸਾਨੂੰ ਜੀਵਨ ਮਿਲਿਆ ਹੈ?

ਹਜੇ ਦੀਵਲੀ ਸਮੇਂ ਚਲਾਏ ਪਟਾਕਿਆਂ ਨਾਲ? ਹੋਈ ਜ਼ਹਿਰੀਲੀ ਹਵਾ ਸਾਫ਼ ਨਹੀਂ ਹੋਈ ਸੀ ਤੇ ਹਰ ਪਾਸੇ ਨਦੀਆਂ ਨਾਲਿਆਂ ਦਾ ਪਾਣੀ ਦੂਸ਼ਿਤ ਹੋਣ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਲੱਗਦਾ ਹੈ ਕਿ ਅਸੀਂ ਤਿਉਹਾਰ ਮਨਾਉਣ ਦੇ ਨਾਲ?-ਨਾਲ? ਸਫ਼ਾਈ ਦੀ ਜ਼ਿੰਮੇਵਾਰੀ ਵੀ ਛੁੱਟੀ 'ਤੇ ਭੇਜ ਦਿੰਦੇ ਹਾਂ। ਜਦੋਂ ਤੱਕ ਪੂਜਾ ਚੱਲਦੀ ਹੈ, ਹਰ ਪਾਸੇ ਸ਼ਰਧਾ ਦਾ ਮਾਹੌਲ ਹੁੰਦਾ ਹੈ, ਪਰ ਜਦੋਂ ਤਿਉਹਾਰ ਸਮਾਪਤ ਹੁੰਦਾ ਹੈ ਤਾਂ ਪਿੱਛੇ ਰਹਿ ਜਾਂਦੀ ਹੈ ਗੰਦਗੀ, ਕੂੜਾ-ਕਰਕਟ ਅਤੇ ਪ੍ਰਦੂਸ਼ਣ ਦੀ ਸੌਗਾਤ। ਲੋਕ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ ਅਤੇ ਜਨਤਕ ਥਾਵਾਂ ਦੇ ਹਿੱਸੇ ਆਉਂਦੀ ਹੈ ਉਸ ਗੰਦਗੀ ਨੂੰ ਸਹਿਣ ਦੀ ਸਜ਼ਾ। ਕਈ ਵਾਰ ਤਾਂ ਇੰਝ ਲੱਗਦਾ ਹੈ ਜਿਵੇਂ ਅਸੀਂ ਜਨਤਕ ਥਾਵਾਂ ਨੂੰ ਆਪਣੀ ਨਿੱਜੀ ਜਾਇਦਾਦ ਨਹੀਂ, ਸਗੋਂ ਕਿਸੇ ਹੋਰ ਦੀ ਜ਼ਿੰਮੇਵਾਰੀ ਸਮਝਦੇ ਹਾਂ। ਕੂੜਾ ਸੁੱਟਣ ਵੇਲੇ ਸਾਨੂੰ ਇਹ ਖ਼?ਆਲ ਨਹੀਂ ਆਉਂਦਾ ਕਿ ਇੱਥੇ ਸਾਡੇ ਬੱਚੇ ਵੀ ਖੇਡਦੇ ਹਨ, ਬਜ਼ੁਰਗ ਵੀ ਸੈਰ ਕਰਦੇ ਹਨ ਅਤੇ ਹੋਰ ਲੋਕ ਵੀ ਇਸ ਸਾਂਝੀ ਥਾਂ ਦੀ ਵਰਤੋਂ ਕਰਦੇ ਹਨ। ਇੱਥੇ ਸਵਾਲ ਸਿਰਫ਼ ਸ਼ਰਧਾਲੂਆਂ ਜਾਂ ਆਮ ਲੋਕਾਂ ਦੀ ਜ਼ਿੰਮੇਵਾਰੀ ਦਾ ਹੀ ਨਹੀਂ, ਸਗੋਂ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦਾ ਵੀ ਹੈ। ਜਨਤਕ ਥਾਵਾਂ ਕੋਈ ਅਜਿਹੇ ਮੈਦਾਨ ਨਹੀਂ, ਜਿਨ੍ਹਾਂ ਨੂੰ ਜਦੋਂ ਮਰਜ਼ੀ ਸਮਾਗਮਾਂ ਅਤੇ ਵੱਡੇ ਇਕੱਠਾਂ ਲਈ ਵਰਤ ਲਿਆ ਜਾਵੇ। ਇਨ੍ਹਾਂ ਦੀ ਸਫ਼ਾਈ ਅਤੇ ਸੁਰੱਖਿਆ ਲਈ ਵਿਸ਼ੇਸ਼ ਨਿਯਮ ਹੋਣੇ ਚਾਹੀਦੇ ਹਨ। ਜੇਕਰ ਕਿਸੇ ਗਤੀਵਿਧੀ ਨਾਲ ਵਾਤਾਵਰਨ, ਪਾਣੀ, ਆਲੇ-ਦੁਆਲੇ ਦੀ ਸਫ਼ਾਈ ਅਤੇ ਜੀਵ-ਜੰਤੂਆਂ ਨੂੰ ਨੁਕਸਾਨ ਪਹੁੰਚਣ ਦਾ ਖ਼ਦਸ਼ਾ ਹੈ ਤਾਂ ਪ੍ਰਸ਼ਾਸਨ ਨੂੰ ਪਹਿਲਾਂ ਹੀ ਅਜਿਹੀਆਂ ਗਤੀਵਿਧੀਆਂ ਲਈ ਢੁਕਵੀਂ ਥਾਂ ਨਿਰਧਾਰਤ ਕਰਨੀ ਚਾਹੀਦੀ ਹੈ।ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸਿਰਫ਼ ਤਿਉਹਾਰਾਂ ਮੌਕੇ ਸੁਰੱਖਿਆ ਪ੍ਰਬੰਧ ਕਰਨ ਜਾਂ ਆਵਾਜਾਈ ਸੰਭਾਲਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਉਸ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਧਾਰਮਿਕ ਜਾਂ ਸਮਾਜਿਕ ਸਮਾਗਮ ਕਾਰਨ ਜਨਤਕ ਥਾਵਾਂ ਅਤੇ ਕੁਦਰਤੀ ਵਿਰਾਸਤ ਨੂੰ ਨੁਕਸਾਨ ਨਾ ਪਹੁੰਚੇ। ਜਿੱਥੇ ਸਫ਼ਾਈ ਅਤੇ ਵਾਤਾਵਰਨ ਦੀ ਸੁਰੱਖਿਆ ਦਾ ਸਵਾਲ ਹੋਵੇ, ਉੱਥੇ ਨਿਯਮਾਂ ਦੀ ਪਾਲਣਾ ਕਰਵਾਉਣ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ। ਅਜਿਹੇ ਮਹੱਤਵਪੂਰਨ ਸਥਾਨਾਂ 'ਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਗਤੀਵਿਧੀਆਂ ਨੂੰ ਰੋਕਿਆ ਜਾਵੇ ਅਤੇ ਧਾਰਮਿਕ ਸਮਾਗਮਾਂ ਲਈ ਵੱਖਰੇ, ਢੁਕਵੇਂ ਸਥਾਨ ਮੁਹੱਈਆ ਕਰਵਾਏ ਜਾਣ। ਸਭ ਤੋਂ ਵੱਡੀ ਗੱਲ ਇਹ ਹੈ ਕਿ ਧਰਮ ਅਤੇ ਵਾਤਾਵਰਨ ਨੂੰ ਇੱਕ-ਦੂਜੇ ਦੇ ਵਿਰੋਧੀ ਬਣਾ ਕੇ ਪੇਸ਼ ਕਰਨ ਦੀ ਲੋੜ ਨਹੀਂ। ਸੱਚੀ ਸ਼ਰਧਾ ਤਾਂ ਕੁਦਰਤ ਦੀ ਸੰਭਾਲ ਵਿੱਚ ਵੀ ਨਜ਼ਰ ਆਉਣੀ ਚਾਹੀਦੀ ਹੈ। ਜੇਕਰ ਅਸੀਂ ਆਪਣੇ ਤਿਉਹਾਰਾਂ ਨੂੰ ਸਾਫ਼-ਸੁਥਰੇ ਅਤੇ ਵਾਤਾਵਰਨ ਪੱਖੀ ਢੰਗ ਨਾਲ ਮਨਾਈਏ ਤਾਂ ਇਸ ਤੋਂ ਵਧੀਆ ਸ਼ਰਧਾ ਦਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ? ਸਵਾਲ ਇਹ ਹੈ ਕਿ ਜਨਤਕ ਥਾਵਾਂ ਸਾਡੀਆਂ ਹਨ ਜਾਂ ਅਸੀਂ ਸਿਰਫ਼ ਇਨ੍ਹਾਂ ਦੀ ਵਰਤੋਂ ਕਰਨ ਆਉਂਦੇ ਹਾਂ? ਜੇਕਰ ਅਸੀਂ ਇਨ੍ਹਾਂ ਨੂੰ ਆਪਣੀ ਸਾਂਝੀ ਵਿਰਾਸਤ ਮੰਨਦੇ ਹਾਂ ਤਾਂ ਇਨ੍ਹਾਂ ਦੀ ਸੰਭਾਲ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਜਨਤਕ ਥਾਵਾਂ ਨੂੰ ਸੈਰ-ਸਪਾਟੇ ਅਤੇ ਮਨੋਰੰਜਨ ਦੀ ਥਾਂ ਕੂੜੇਦਾਨ ਬਣਾਉਣ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਤਿਉਹਾਰਾਂ ਦੀਆਂ ਰੌਣਕਾਂ ਮਨੁੱਖੀ ਜੀਵਨ ਵਿੱਚ ਖੁਸ਼ੀਆਂ ਭਰਨ ਲਈ ਹੁੰਦੀਆਂ ਹਨ, ਕੁਦਰਤ ਅਤੇ ਵਾਤਾਵਰਨ ਨੂੰ ਬਿਮਾਰ ਕਰਨ ਲਈ ਨਹੀਂ। ਇਸ ਵਾਰ ਤਾਂ ਲੱਗਦਾ ਹੈ ਕਿ ਲੋਕ ਤਿਉਹਾਰ ਮਨਾ ਕੇ ਆਪਣੇ ਘਰਾਂ ਨੂੰ ਚਲੇ ਗਏ, ਪਰ ਉਨ੍ਹਾਂ ਦੇ ਤਿਉਹਾਰ ਦੀ ਗੰਦਗੀ ਦਾ ਬੋਝ ਚੁੱਕਦੀਆਂ ਜਨਤਕ ਥਾਵਾਂ ਬਿਮਾਰ ਹੋ ਗਈਆਂ।

ਸਾਨੂੰ ਤਿਉਹਾਰ ਮਨਾਉਣੇ ਚਾਹੀਦੇ ਹਨ, ਪਰ ਕੁਦਰਤ ਅਤੇ ਸਫ਼ਾਈ ਦੀ ਕੀਮਤ 'ਤੇ ਨਹੀਂ। ਕਿਉਂਕਿ ਜਨਤਕ ਥਾਵਾਂ ਸਾਫ਼ ਰਹਿਣਗੀਆਂ ਤਾਂ ਹੀ ਉਨ੍ਹਾਂ ਦੀ ਸੁੰਦਰਤਾ ਅਤੇ ਉਨ੍ਹਾਂ ਨਾਲ ਜੁੜਿਆ ਕੁਦਰਤੀ ਜੀਵਨ ਸੁਰੱਖਿਅਤ ਰਹੇਗਾ। ਪ੍ਰਸ਼ਾਸਨ ਦਾ ਮੁੱਖ ਮੰਤਵ ਵਾਤਾਵਰਨ ਅਤੇ ਜਨਤਕ ਥਾਵਾਂ ਦੀ ਸੰਭਾਲ ਹੋਣਾ ਚਾਹੀਦਾ ਹੈ। ਪ੍ਰਸ਼ਾਸਨ ਵੱਲੋਂ ਅਜਿਹੀਆਂ ਥਾਵਾਂ ਦੀ ਸੁਰੱਖਿਆ ਲਈ ਸਖ਼ਤ ਨਿਯਮ ਬਣਾਏ ਜਾਣ। ਇਨ੍ਹਾਂ ਥਾਵਾਂ 'ਤੇ ਪ੍ਰਦੂਸ਼ਣ ਫੈਲਾਉਣ ਵਾਲੇ ਸਮਾਗਮਾਂ ਅਤੇ ਗਤੀਵਿਧੀਆਂ 'ਤੇ ਰੋਕ ਲਗਾਈ ਜਾਵੇ ਅਤੇ ਧਾਰਮਿਕ ਸਮਾਗਮਾਂ ਲਈ ਬਦਲਵੇਂ ਸਥਾਨ ਨਿਰਧਾਰਤ ਕੀਤੇ ਜਾਣ। ਸਫ਼ਾਈ ਦੀ ਨਿਗਰਾਨੀ, ਕੂੜੇ ਦੇ ਢੁਕਵੇਂ ਪ੍ਰਬੰਧ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾਵੇ। ਆਖ਼ਰਕਾਰ, ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸਿਰਫ਼ ਤਿਉਹਾਰਾਂ ਦੇ ਪ੍ਰਬੰਧ ਕਰਨ ਦੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਵਾਤਾਵਰਨ ਅਤੇ ਸਾਂਝੀ ਵਿਰਾਸਤ ਸੁਰੱਖਿਅਤ ਰੱਖਣ ਦੀ ਵੀ ਹੈ।

ਬਰਜਿੰਦਰ ਕੌਰ ਬਿਸਰਾਓ ... 9988901324

ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ



ਅੱਜ ਦੇ ਸਮੇਂ ਵਿੱਚ ਹਰੇਕ ਵਿਅਕਤੀ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਹੀ ਪੈਂਦਾ ਹੈ । ਹਰੇਕ ਵਿਅਕਤੀ ਨੂੰ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਕੋਈ ਨਾ ਕੋਈ ਕੰਮ ਹੱਥ ਵਿਚ ਜ਼ਰੂਰ ਲੈਣਾ ਪੈਂਦਾ ਹੈ। ਜਿਸ ਨਾਲ ਕਿ ਉਸ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹੋਣ। ਵਿਅਕਤੀ ਉਹ ਕੰਮ ਜ਼ਰੂਰ ਕਰਦਾ ਹੈ । ਜੋ ਉਸ ਦੇ ਲਈ ਬਿਹਤਰ ਹੋਵੇ । ਹੁਣ ਗੱਲ ਕਰੀਏ ਕੰਮ ਦੇ ਛੋਟੇ ਜਾਂ ਵੱਡੇ ਹੋਣ ਦੀ ਤਾਂ ਇੱਥੇ ਇਹ ਗੱਲ ਵਿਚਾਰਨ ਵਾਲੀ ਹੈ , ਕਿ ਕੰਮ ਛੋਟਾ ਜਾਂ ਵੱਡਾ ਕਿਉਂ ਅਤੇ ਕਿਵੇਂ ਬਣਦਾ ਹੈ ? ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਇਹ ਤਾਂ ਬੰਦੇ ਦੀ ਸੋਚ ਤੇ ਨਿਰਭਰ ਕਰਦਾ ਹੈ, ਕਿ ਉਹ ਕਿਸੇ ਵੀ ਕੰਮ ਨੂੰ ਕਿਸ ਨਜ਼ਰ ਨਾਲ ਵੇਖਦਾ ਹੈ । ਕੋਈ ਵੀ ਵਿਅਕਤੀ ਕਿਸੇ ਕੰਮ ਨੂੰ ਜਿਸ ਢੰਗ ਨਾਲ ਸੋਚਦਾ ਹੈ ਤੇ ਉਸ ਦੇ ਪ੍ਰਤੀ ਦ੍ਰਿਸ਼ਟੀ ਰੱਖਦਾ ਹੈ। ਉਹ ਕੰਮ ਉਸ ਨੂੰ ਉਸੇ ਤਰ੍ਹਾਂ ਹੀ ਛੋਟਾ ਜਾਂ ਵੱਡਾ ਲੱਗਣ ਲੱਗਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਵਿਅਕਤੀ ਦੀ ਸੋਚ ਜੋ ਉਸਨੇ ਕੰਮ ਦੇ ਪ੍ਰਤੀ ਬਣਾਈ ਹੁੰਦੀ ਹੈ , ਉਹ ਹੀ ਛੋਟੀ ਜਾਂ ਵੱਡੀ ਹੁੰਦੀ ਹੈ । ਜਦੋਂ ਵੀ ਕੋਈ ਵਿਅਕਤੀ ਕਿਸੇ ਨਵੇਂ ਕੰਮ ਦੀ ਸ਼ੁਰੂਆਤ ਕਰਦਾ ਹੈ , ਤਾਂ ਉਸ ਦੇ ਮਨ ਵਿੱਚ ਇਹ ਵਿਚਾਰ ਜ਼ਰੂਰ ਆਉਂਦਾ ਹੈ । ਕਿ ਜੇਕਰ ਮੇਰਾ ਕੰਮ ਛੋਟਾ ਹੋਵੇਗਾ ਤਾਂ ਲੋਕ ਕੀ ਸੋਚਣਗੇ ? ਉਹ ਮੇਰੇ ਬਾਰੇ ਕਿਸ ਤਰ੍ਹਾਂ ਦੀਆਂ ਗੱਲਾਂ ਕਰਨਗੇ ? ਜਦ ਕਿ ਵਿਅਕਤੀ ਨੂੰ ਸਿਰਫ ਆਪਣੇ ਕੰਮ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਅਤੇ ਮਿਹਨਤ ਤੇ ਲਗਨ ਨਾਲ ਆਪਣੇ ਕੰਮ ਨੂੰ ਹੋਰ ਵੀ ਵਧਾਉਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਇਸ ਸ਼ਸ਼ੋਪੰਜ ਵਿੱਚ ਪਏ ਰਹਿੰਦੇ ਹਨ- ਕੀ ਮੇਰਾ ਕੰਮ ਛੋਟਾ ਹੈ ? ਕੀ ਮੈਨੂੰ ਇਹ ਕੰਮ ਸ਼ੋਭਾ ਦਿੰਦਾ ਹੈ ? ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸਵਾਲ ਉਹ ਆਪਣੇ ਮਾਣ ਨਾਲ ਹੀ ਕਰਦੇ ਰਹਿੰਦੇ ਹਨ । ਜਦੋਂ ਕੋਈ ਵਿਅਕਤੀ ਇਸੇ ਤਰ੍ਹਾਂ ਦੇ ਹੀ ਸਵਾਲਾਂ ਵਿੱਚ ਘਿਰਿਆ ਹੁੰਦਾ ਹੈ ਤਾਂ ਉਸ ਦੇ ਜਵਾਬ ਤੋਂ ਪਹਿਲਾਂ ਹੀ ਕੋਈ ਹੋਰ ਵਿਅਕਤੀ ਉਸੇ ਹੀ ਕੰਮ ਵਿੱਚ ਮੁਹਾਰਤ ਹਾਸਲ ਕਰ ਲੈਂਦਾ ਹੈ। ਉਹ ਉਸੇ ਕੰਮ ਵਿੱਚ ਪ੍ਰਸਿੱਧੀ ਪ੍ਰਾਪਤ ਕਰਦਾ ਹੈ । ਜਦ ਤੱਕ ਕੋਈ ਵਿਅਕਤੀ ਇਹ ਸੋਚਦਾ ਹੈ ਕਿ ਕਿਤੇ ਇਹ ਕੰਮ ਛੋਟਾ ਤਾਂ ਨਹੀਂ ? ਇੰਨੇ ਸਮੇਂ ਵਿੱਚ ਦੂਸਰਾ ਵਿਅਕਤੀ ਉਸੇ ਕੰਮ ਦੇ ਵਿੱਚ ਸਿਖਰਾਂ ਤੇ ਵੀ ਪੁੱਜ ਚੁੱਕਾ ਹੁੰਦਾ ਹੈ । ਇੱਕ ਹੋਰ ਗੱਲ ਇਹ ਵੀ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦੀ ਸੋਚ ਇਹ ਹੈ। ਕਿ ਅਸੀਂ ਤਾਂ ਕਿਸੇ ਵੱਡੇ ਅਹੁਦੇ ਵਾਲੀ ਨੌਕਰੀ ਤੋਂ ਹੀ ਆਪਣੇ ਕਰੀਅਰ ਦੀ ਸ਼ੁਰੂਆਤ ਕਰਨੀ ਹੈ। ਪਰ ਜੇਕਰ ਉਹ ਵੱਡੀ ਅਤੇ ਵਧੀਆ ਨੌਕਰੀ ਤੋਂ ਪਹਿਲਾਂ ਕੋਈ ਹੋਰ ਕੰਮ ਕਰ ਲੈਣ ਤਾਂ ਇਸ ਵਿੱਚ ਵੀ ਕੋਈ ਬੁਰਾਈ ਨਹੀਂ ਹੁੰਦੀ। ਇੱਥੇ ਮੇਰਾ ਮਤਲਬ ਇਹ ਨਹੀਂ ਕਿ ਤੁਸੀਂ ਵੱਡੀ ਨੌਕਰੀ ਅਤੇ ਅਹੁਦੇ ਨੂੰ ਪ੍ਰਾਪਤ ਕਰਨ ਬਾਰੇ ਨਾ ਸੋਚੋ। ਬਲਕਿ ਮੇਰਾ ਮਤਲਬ ਇਹ ਹੈ ਕਿ ਤੁਸੀਂ ਬੇਰੁਜ਼ਗਾਰ ਰਹਿਣ ਦੀ ਥਾਂ ਆਪਣਾ ਕੋਈ ਹੋਰ ਕੰਮ ਵੀ ਕਰ ਸਕਦੇ ਹੋ। ਜਿਸ ਨਾਲ ਵਿਅਕਤੀ ਦੇ ਮਨ ਨੂੰ ਵੀ ਸ਼ਾਂਤੀ ਪ੍ਰਾਪਤ ਹੋਵੇਗੀ ਤੇ ਦਿਮਾਗ ਵੀ ਚੁਸਤ ਤੇ ਫੁਰਤੀਲਾ ਹੋਵੇਗਾ। ਜੇਕਰ ਵਿਅਕਤੀ ਦਾ ਮਨ ਵਿਹਲਾ ਤੇ ਖਾਲੀ ਹੋਵੇ ਤਾਂ ਉਸ ਵਿੱਚ ਮਾੜੇ ਵਿਚਾਰ ਪ੍ਰਵੇਸ਼ ਕਰ ਸਕਦੇ ਹਨ। ਜੋ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਖਤਰਨਾਕ ਵੀ ਹੋ ਸਕਦੇ ਹਨ। ਸੋ ਅੱਜ ਲੋੜ ਹੈ ਤਾਂ ਇਸ ਗੱਲ ਨੂੰ ਸਮਝਣ ਦੀ ਕਿ ਨੌਜਵਾਨ ਕਿਸੇ ਵੀ ਕੰਮ ਨੂੰ ਛੋਟਾ ਜਾਂ ਵੱਡਾ ਨਾ ਸਮਝਣ। ਅਤੇ ਆਪਣੇ ਖਾਲੀ ਸਮੇਂ ਵਿੱਚ ਵਿਹਲੇ ਬੈਠਣ ਦੀ ਬਜਾਏ ਕੋਈ ਨਾ ਕੋਈ ਕੰਮ ਜ਼ਰੂਰ ਕਰਨ । ਜਿਸ ਨਾਲ ਕਿ ਨੌਜਵਾਨ ਦੀ ਸੋਚ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਨਵੇਂ ਤਰੀਕੇ ਵੀ ਉਤਪੰਨ ਹੋਣਗੇ । ਉਨ੍ਹਾਂ ਵਿੱਚ ਨਵੇਂ ਨਵੇਂ ਹੁਨਰਾਂ ਦਾ ਜਨਮ ਹੋਵੇਗਾ ਤੇ ਉਹ ਆਪਣੇ ਜੀਵਨ ਨੂੰ ਹੋਰ ਵੀ ਸੁਖਾਲਾ ਬਣਾ ਸਕਣਗੇ।

ਗੀਤਾ ਜੋਸਨ
ਸੰਪਰਕ - 9646568045





ਭਾਸ਼ਣ ਦੀ ਪ੍ਰਭਾਵਸ਼ੀਲਤਾ !

ਪਿਛਲੇ ਸਮੇਂ ਵਿੱਚ, ਭਾਸ਼ਣਾਂ ਰਾਹੀਂ ਅੰਦੋਲਨਾਂ ਲਈ ਮਹਾਨ ਟੀਚੇ ਪ੍ਰਾਪਤ ਕੀਤੇ ਗਏ ਹਨ। ਇੱਕ ਸਮੇਂ ਦੇ ਬਾਅਦ ਵੀ, ਇਹਨਾਂ ਭਾਸ਼ਣਾਂ ਤੋਂ ਕੱਢੇ ਗਏ ਸਿੱਟੇ ਸਾਨੂੰ ਅਤੀਤ ਵਿੱਚ ਵਾਪਸ ਲੈ ਜਾਂਦੇ ਹਨ ਅਤੇ ਵਰਤਮਾਨ ਵਿੱਚ ਖੂਨ ਨੂੰ ਗਰਮ ਕਰਦੇ ਹਨ। ਕੋਈ ਵੀ ਅੰਦੋਲਨ ਭਾਸ਼ਣਾਂ ਤੋਂ ਬਿਨਾਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦਾ। ਧਰਮ ਅਤੇ ਵਤਨ ਨੇ ਵੀ ਆਪਣੀ ਸਥਾਪਨਾ ਅਤੇ ਸ਼ਾਨ ਲਈ ਭਾਸ਼ਣਾਂ ਦੀ ਵਰਤੋਂ ਕੀਤੀ ਹੈ। ਭਾਸ਼ਣ ਕਦੇ ਜਵਾਲਾਮੁਖੀ ਹੁੰਦੇ ਹਨ, ਕਦੇ ਅੱਗ, ਕਦੇ ਝਰਨੇ। ਕੁਝ ਭਾਸ਼ਣ ਸਾਰੇ ਰੂਪਾਂ ਨੂੰ ਜੋੜਦੇ ਹਨ। ਪਾਕਿਸਤਾਨ ਦੀ ਸਥਾਪਨਾ ਲਈ, ਉਹ ਭਾਸ਼ਣ ਜਿਨ੍ਹਾਂ ਵਿੱਚ ਆਜ਼ਾਦੀ ਅਤੇ ਪਾਕਿਸਤਾਨ ਦੀ ਮੰਗ ਹੁੰਦੀ ਹੈ ਜਾਂ ਸੋਚ, ਕਾਰਵਾਈ, ਅਤੇ ਨਿਰਸਵਾਰਥਤਾ ਅਤੇ ਕੁਰਬਾਨੀ ਦਾ ਉਪਦੇਸ਼ ਹੁੰਦਾ ਹੈ, ਇੱਕ ਜਵਾਲਾਮੁਖੀ ਵਾਂਗ ਹੁੰਦੇ ਹਨ। ਅੱਗ ਅਤੇ ਗਰਮੀ ਦਾ ਵਿਸ਼ਾਲ ਤੱਤ ਵਿਰੋਧੀ 'ਤੇ ਹਾਵੀ ਹੋਣਾ ਚਾਹੀਦਾ ਹੈ ਅਤੇ ਹਰ ਰੁਕਾਵਟ ਨੂੰ ਪਾਰ ਕਰਨਾ ਚਾਹੀਦਾ ਹੈ।

ਪੈਗੰਬਰ (ਸ.ਅ.ਵ.) ਦੀ ਉਦਾਹਰਣ ਨਾਲ ਜੁੜੇ ਕਿਸਮਤ, ਵਿਸ਼ਵਾਸ ਦੀ ਕਮਜ਼ੋਰੀ, ਏਕਤਾ ਦੀ ਘਾਟ, ਸਹੀ ਸੋਚ ਤੋਂ ਵਾਂਝੇ ਹੋਣਾ ਅਤੇ ਸੱਚ ਦੇ ਮਾਰਗ ਤੋਂ ਭਟਕਣਾ ਇੱਕ ਝਰਨੇ ਵਾਂਗ ਸਨ, ਜੋ ਇਹ ਕਹਿ ਕੇ ਡਿੱਗ ਰਿਹਾ ਸੀ, ÷ਖੈਰ, ਤੁਸੀਂ ਮੇਰੇ ਪੱਧਰ ਤੱਕ ਨਹੀਂ ਉੱਠ ਸਕਦੇ, ਇਸ ਲਈ ਮੈਂ ਉਚਾਈਆਂ ਤੋਂ ਹੇਠਾਂ ਆਵਾਂਗਾ ਅਤੇ ਤੁਹਾਡੀਆਂ ਕਿਸ਼ਤੀਆਂ ਨੂੰ ਪਾਣੀ ਦੇਵਾਂਗਾ।÷ ਆਮ ਤੌਰ 'ਤੇ, ਭਾਵੁਕ ਭਾਸ਼ਣ, ਜਦੋਂ ਉਹਨਾਂ ਨੂੰ ਸੰਖੇਪ ਢੰਗ ਨਾਲ ਲਿਖਿਆ ਜਾਂਦਾ ਹੈ, ਬਹੁਤ ਆਮ ਜਾਪਦੇ ਹਨ। ਜਦੋਂ ਕਿਸੇ ਘਟਨਾ ਜਾਂ ਹਾਦਸੇ ਦੇ ਸੰਬੰਧ ਵਿੱਚ ਕੀਤੇ ਗਏ ਧੂੰਏਂ ਵਾਲੇ ਭਾਸ਼ਣ 'ਤੇ ਸਮਾਂ ਬੀਤ ਜਾਂਦਾ ਹੈ, ਅਤੇ ਪਾਠਕ ਮਾਨਸਿਕ ਤੌਰ 'ਤੇ ਉਸ ਪਲ ਤੋਂ ਬਹੁਤ ਦੂਰ ਹੋ ਜਾਂਦਾ ਹੈ ਜੋ ਦਰਸ਼ਕਾਂ ਲਈ ਉਪਲਬਧ ਸੀ, ਤਾਂ ਅਜਿਹਾ ਭਾਸ਼ਣ ਇੱਕ ਬੁਝੀ ਹੋਈ ਅੱਗ ਦੇ ਧੂੰਏਂ ਤੋਂ ਵੱਧ ਕੁਝ ਨਹੀਂ ਹੁੰਦਾ। ਫਿਰ ਵੀ, ਬੁਲਾਰੇ ਦੀ ਸ਼ਖਸੀਅਤ, ਗੁਣ, ਸ਼ੈਲੀ ਅਤੇ ਸੁਰ ਭਾਸ਼ਣ ਵਿੱਚ ਇੱਕ ਪ੍ਰਭਾਵ ਪੈਦਾ ਕਰਦੇ ਹਨ, ਅਤੇ ਲਿਖਤ ਵਿੱਚ ਉਨ੍ਹਾਂ ਦੀ ਗੈਰਹਾਜ਼ਰੀ ਕਾਰਨ ਹੋਣ ਵਾਲੀ ਘਾਟ ਸਮੇਂ ਦੇ ਨਾਲ ਵਧਦੀ ਜਾਂਦੀ ਹੈ, ਜਦੋਂ ਤੱਕ ਕਿ ਇੱਕ ਸਮੇਂ ਦੇ ਬਾਅਦ, ਭਾਸ਼ਣ ਪੜ੍ਹਨ ਲਈ ਕੁਝ ਨਹੀਂ ਬਚਦਾ। ਹਰ ਕਿਸੇ ਨੂੰ ਭਵਿੱਖ ਵਿੱਚ ਵੇਖਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ ਤਾਂ ਜੋ ਇੱਕ ਖਾਸ ਉਦੇਸ਼ ਲਈ ਜਨਤਕ ਰਾਏ ਨੂੰ ਫੈਸਲੇ 'ਤੇ ਲਿਆਇਆ ਜਾ ਸਕੇ। ਸਿਰਫ ਇਸ ਗੁਣ ਦੇ ਸਬੂਤ 'ਤੇ ਹੀ ਕਿਸੇ ਨੂੰ ਨੇਤਾ ਕਿਹਾ ਜਾ ਸਕਦਾ ਹੈ, ਜੋ ਲੋਕਾਂ ਦੇ ਖੂਨ ਨੂੰ ਇੰਨਾ ਗਰਮ ਰੱਖਦਾ ਹੈ ਕਿ ਲੋਕ ਅੰਦੋਲਨ ਦੀ ਸਫਲਤਾ ਲਈ ਆਪਣਾ ਖੂਨ ਵੀ ਵਹਾਉਂਦੇ ਹਨ ਜਦੋਂ ਤੱਕ ਲੋੜੀਂਦੇ ਟੀਚੇ ਪ੍ਰਾਪਤ ਨਹੀਂ ਹੋ ਜਾਂਦੇ। ਅਤੀਤ ਗਵਾਹ ਹੈ ਕਿ ਖੂਨੀ ਇਨਕਲਾਬ ਭਾਸ਼ਣਾਂ ਰਾਹੀਂ ਲਿਆਂਦੇ ਗਏ ਸਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦਾ ਖੂਨ ਬਚਾਇਆ ਜਾ ਸਕੇ।

ਲੋਕਾਂ ਦੇ ਦਿਲਾਂ ਨੂੰ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਹਰਕਤਾਂ ਲਈ ਗਰਮ ਰੱਖਣਾ ਅਤੇ ਭਾਵਨਾਵਾਂ ਦਾ ਤਾਪਮਾਨ ਘੱਟ ਨਾ ਹੋਣ ਦੇਣਾ, ਦਰਸ਼ਕਾਂ ਨੂੰ ਕਿਸੇ ਫੈਸਲੇ 'ਤੇ ਦ੍ਰਿੜ ਬਣਾਉਣਾ, ਉਨ੍ਹਾਂ ਨੂੰ ਦ੍ਰਿੜ ਵਿਚਾਰਧਾਰਾ ਅਤੇ ਸੋਚ ਦੇ ਕੇ ਮੁਜਾਹਿਦ ਬਣਾਉਣਾ ਇੱਕ ਨੇਤਾ ਦਾ ਕੰਮ ਹੈ। ਹਰ ਕਿਸੇ ਨੂੰ ਸਫਲਤਾ ਦੀ ਅੱਗ ਨੂੰ ਦੂਜਿਆਂ ਦੇ ਸੀਨੇ ਵਿੱਚ ਤਬਦੀਲ ਕਰਨ ਅਤੇ ਟੀਚੇ ਦੀ ਪੂਰਤੀ ਨਾਲ ਜੁੜਿਆ ਇਤਿਹਾਸ ਸਿਰਜਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ।

ਜਿੱਥੇ ਮਨੁੱਖਤਾ ਦੇ ਭਲੇ ਲਈ ਬ੍ਰਹਮ ਉਦੇਸ਼ ਦੀ ਪੂਰਤੀ 'ਤੇ ਭਾਸ਼ਣ ਦਿੱਤੇ ਗਏ ਹਨ, ਉੱਥੇ ਮੌਕਾਪ੍ਰਸਤਾਂ ਨੇ ਨਿੱਜੀ ਅਤੇ ਰਾਜਨੀਤਿਕ ਹਿੱਤਾਂ ਲਈ ਭਿਆਨਕ ਬਿਆਨਬਾਜ਼ੀ ਨਾਲ ਮਨੁੱਖੀ ਮਨਾਂ ਨਾਲ ਖੇਡਿਆ ਹੈ, ਸੁਆਰਥੀ ਬਿਆਨਬਾਜ਼ੀ ਨਾਲ ਕਮਜ਼ੋਰ ਦਿਮਾਗਾਂ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਲੋਕ ਇੱਕ ਘਟੀਆ ਆਦਮੀ ਦੀ ਮਹਾਨਤਾ ਨਾਲ ਗੁੰਮਰਾਹ ਹੋਣਗੇ। ਭਾਸ਼ਣ ਸੁਣਦੇ ਸਮੇਂ, ਇੱਕ ਅਪੰਗ ਮਨ ਦਾ ਫੈਸਲਾ ਅਤੇ ਇੱਕ ਸਿਹਤਮੰਦ ਮਨ ਵੱਖਰਾ ਹੁੰਦਾ ਹੈ। ਭਾਸ਼ਣ ਦੂਜਿਆਂ ਦੇ ਦਿਲਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਦੀ ਕਲਾ ਦਾ ਨਾਮ ਹੈ, ਪਰ ਜੋ ਇਸ ਕਲਾ ਨੂੰ ਜ਼ਿੰਦਾ ਰੱਖਦਾ ਹੈ ਉਹ ਹੈ ਉਦੇਸ਼ ਦੀ ਮਹੱਤਤਾ, ਸ਼ਬਦਾਂ ਦੀ ਚੋਣ ਅਤੇ ਸ਼ੈਲੀ। ਇਹ ਵੀ ਕਿਹਾ ਗਿਆ ਹੈ ਕਿ ਇਹ ਨਾ ਦੇਖੋ ਕਿ ਇਹ ਕੌਣ ਕਹਿ ਰਿਹਾ ਹੈ, ਦੇਖੋ ਕਿ ਕੀ ਕਿਹਾ ਜਾ ਰਿਹਾ ਹੈ। ਪਰ ਆਓ ਇਸ ਨਾਲ ਇੱਕ ਹੋਰ ਕੀਮਤੀ ਗੱਲ ਜੋੜੀਏ ਕਿ ਜੇਕਰ ਕੋਈ ਕਿਰਦਾਰ ਵਾਲਾ ਆਦਮੀ ਕੁਝ ਅਜਿਹਾ ਕਹਿੰਦਾ ਹੈ ਜਿਸ 'ਤੇ ਉਹ ਖੁਦ ਕੰਮ ਕਰ ਰਿਹਾ ਹੁੰਦਾ ਹੈ, ਤਾਂ ਉਸਦੀ ਭਾਸ਼ਾ ਦਾ ਪ੍ਰਭਾਵ ਹੁੰਦਾ ਹੈ, ਭਾਵੇਂ ਝੂਠਾ ਸੱਚ ਬੋਲਦਾ ਹੈ, ਉਸਦਾ ਆਪਣਾ ਆਪ ਇੱਕ ਚੰਗੇ ਨਤੀਜੇ ਤੋਂ ਵਾਂਝਾ ਰਹਿੰਦਾ ਹੈ। ਇੱਕ ਨੇਤਾ ਦਾ ਜੀਵੰਤ ਭਾਸ਼ਣ ਲੱਖਾਂ ਸਰੋਤਿਆਂ ਨੂੰ ਟਿੱਪਣੀਕਾਰ ਅਤੇ ਵਿਸ਼ਲੇਸ਼ਕ ਬਣਾ ਦਿੰਦਾ ਹੈ। ਦ੍ਰਿਸ਼ਟੀਕੋਣ ਨੂੰ ਜੋੜਿਆ ਜਾਂਦਾ ਹੈ, ਕਦੇ ਇੱਕ ਸਵਾਲ ਬਣਦਾ ਹੈ, ਕਦੇ ਇੱਕ ਜਵਾਬ ਬਣਦਾ ਹੈ, ਅਤੇ ਕਦੇ ਦੋਵੇਂ ਰੂਪ ਇਕੱਠੇ ਕੀਤੇ ਜਾਂਦੇ ਹਨ। ਸਰੋਤਿਆਂ ਦੀਆਂ ਭਾਵਨਾਵਾਂ ਨੂੰ ਉਚਾਈਆਂ 'ਤੇ ਲੈ ਜਾਣਾ ਅਤੇ ਫਿਰ ਇੱਕ ਛੋਟੇ ਭਾਸ਼ਣ ਨਾਲ ਉਨ੍ਹਾਂ ਨੂੰ ਧਰਤੀ 'ਤੇ ਵਾਪਸ ਲਿਆਉਣਾ ਇੱਕ ਬੁਲਾਰੇ ਦੀ ਕਲਾ ਦੀ

ਕਾਲਮਨਵੀਸ: ਜ਼ਫ਼ਰ ਇਕਬਾਲ ਜ਼ਫ਼ਰ

ਸੰਪੂਰਨਤਾ ਹੈ।

ਦੁਨਿਆਵੀ ਉਦੇਸ਼ਾਂ ਲਈ ਕੀਤੇ ਗਏ ਭਾਸ਼ਣਾਂ ਵਿੱਚ, ਖੂਨ ਦੀ ਆਖਰੀ ਬੂੰਦ ਵਹਾਉਣ ਦੀਆਂ ਘੋਸ਼ਣਾਵਾਂ ਇੱਕ ਵਿਅਕਤੀ ਨੂੰ ਮਨੁੱਖੀ ਖੂਨ ਦਾ ਪਿਆਸਾ ਬਣਾ ਦਿੰਦੀਆਂ ਹਨ। ਜਦੋਂ ਸਥਿਤੀ ਬੇਕਾਬੂ ਹੋ ਜਾਂਦੀ ਹੈ, ਤਾਂ ਇਹ ਘੋਸ਼ਣਾਕਾਰ ਆਪਣੀਆਂ ਜਾਨਾਂ ਬਚਾਉਂਦੇ ਹੋਏ ਭੱਜਣ ਦਾ ਰਸਤਾ ਅਪਣਾਉਂਦੇ ਹਨ, ਅਤੇ ਉਨ੍ਹਾਂ ਦਾ ਐਲਾਨ ਧੋਖੇ ਵਿੱਚ ਆਏ ਲੋਕਾਂ ਦੀਆਂ ਜਾਨਾਂ ਲਈ ਖ਼ਤਰਾ ਬਣ ਜਾਂਦਾ ਹੈ। ਫਿਰ ਉਨ੍ਹਾਂ ਕੋਲ ਦੋ ਵਿਕਲਪ ਹੁੰਦੇ ਹਨ: ਉਸ ਉਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿਓ ਜਿਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਜਾਂ ਜਾਨਾਂ ਬਚਾਉਣ ਦੇ ਉਦੇਸ਼ ਤੋਂ ਮੂੰਹ ਮੋੜ ਲਓ। ਅਜਿਹੇ ਮਾਮਲਿਆਂ ਵਿੱਚ ਵੀ, ਜਾਨਾਂ ਬਚਾਉਣ ਦਾ ਫਰਜ਼ ਉਦੇਸ਼ ਨੂੰ ਬੇਜਾਨ ਬਣਾ ਦਿੰਦਾ ਹੈ।

ਮਨੁੱਖੀ ਅਧਿਕਾਰਾਂ ਦੇ ਸੱਚੇ ਆਗੂਆਂ ਨੂੰ ਲੋਕਾਂ ਨੂੰ ਬਚਾਉਣ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਇੱਕ ਸਫਲ ਰਸਤਾ ਲੱਭਣ ਲਈ ਕਾਫ਼ੀ ਸਿਆਣਾ ਹੋਣਾ ਚਾਹੀਦਾ ਹੈ। ਹੱਥਾਂ 'ਤੇ ਹੱਥਕੜੀਆਂ, ਪੈਰਾਂ 'ਤੇ ਬੇੜੀਆਂ ਅਤੇ ਜ਼ਖ਼ਮਾਂ ਨਾਲ ਭਰਿਆ ਸਰੀਰ, ਇਹ ਜਨਤਕ ਕੁਰਬਾਨੀ ਹੈ ਜੋ ਇੱਕ ਨੇਤਾ ਨੂੰ ਮਿਲਦੀ ਹੈ। ਇੱਕ ਨੇਤਾ ਉਹ ਹੁੰਦਾ ਹੈ ਜੋ ਖੁਦ ਜ਼ਹਿਰ ਪੀਂਦਾ ਹੈ, ਪਰ ਜਦੋਂ ਇਹ ਦੂਜਿਆਂ ਤੱਕ ਪਹੁੰਚਦਾ ਹੈ, ਤਾਂ ਇਹ ਸ਼ਹਿਦ ਵਿੱਚ ਬਦਲ ਜਾਂਦਾ ਹੈ।

ਜੇਕਰ ਅਸੀਂ ਇਸਨੂੰ ਇਸ ਸੰਦਰਭ ਵਿੱਚ ਵੇਖੀਏ, ਤਾਂ ਇਹ ਨਿਸ਼ਚਤ ਹੈ ਕਿ ਹਰ ਭਾਸ਼ਣ ਦੇ ਪਿੱਛੇ ਕੋਈ ਨੇਤਾ ਨਹੀਂ ਹੁੰਦਾ ਅਤੇ ਹਰ ਨੇਤਾ ਦੇ ਸਾਹਮਣੇ ਭਾਸ਼ਣ ਨਹੀਂ ਹੁੰਦਾ। ਹਰ ਕੋਈ ਪ੍ਰਭਾਵਸ਼ਾਲੀ ਭਾਸ਼ਣ ਚਾਹੁੰਦਾ ਹੈ ਅਤੇ ਕੋਈ ਭਾਸ਼ਣ ਦੇ ਸ਼ਬਦਾਂ ਤੋਂ ਉੱਭਰਨ ਵਾਲੀ ਸਥਿਤੀ ਦੀ ਜ਼ਿੰਮੇਵਾਰੀ ਲੈਂਦਾ ਹੈ। ਜੇਕਰ ਉਹ ਇਸ ਸਥਿਤੀ ਤੋਂ ਜਾਣੂ ਹਨ, ਤਾਂ ਸਭ ਤੋਂ ਵੱਡਾ ਬੁਲਾਰਾ ਵੀ ਨਤੀਜੇ ਨੂੰ ਦੇਖ ਕੇ ਵਾਕਾਂ ਦੀ ਚੋਣ ਕਰਦਾ ਹੈ।

ਕੁਝ ਮਿੰਟਾਂ ਦੇ ਅਜਿਹੇ ਇਤਿਹਾਸਕ ਭਾਸ਼ਣ ਹੋਏ ਹਨ ਜੋ ਸਾਲਾਂ ਤੋਂ ਤਿਆਰ ਕੀਤੇ ਗਏ ਹਨ, ਹਰ ਸ਼ਬਦ, ਹਰ ਵਾਕ ਨੂੰ ਕਈ ਪਹਿਲੂਆਂ ਤੋਂ ਵਿਚਾਰਿਆ ਗਿਆ ਹੈ ਅਤੇ ਫਿਰ ਭਾਸ਼ਣ ਦੇ ਸ਼ਬਦਾਂ ਅਤੇ ਸ਼ੈਲੀ ਨੂੰ ਇਸ ਤਰੀਕੇ ਨਾਲ ਵਿਵਸਥਿਤ ਕੀਤਾ ਗਿਆ ਹੈ ਕਿ ਲੋੜੀਂਦਾ ਨਤੀਜਾ ਨਿਕਲੇ ਅਤੇ ਇਸ ਬਿੰਦੂ ਤੱਕ ਪਹੁੰਚਣ ਲਈ, ਮਨੁੱਖਤਾ ਦੀਆਂ ਭਲਾਈ ਦੀਆਂ ਸਥਿਤੀਆਂ ਲਈ ਇਰਾਦੇ ਨੂੰ ਸ਼ੁੱਧ ਕਰਨਾ ਅਤੇ ਪਰਮਾਤਮਾ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ। ਜੇ ਕੋਈ ਜੋ ਸਮਝਾਉਣਾ ਚਾਹੁੰਦਾ ਹੈ ਉਹ ਸ਼ਬਦਾਂ ਅਤੇ ਪ੍ਰਗਟਾਵੇ ਵਿੱਚ ਨਹੀਂ ਹੈ, ਤਾਂ ਜੋ ਕਿਹਾ ਜਾਂਦਾ ਹੈ ਉਸਦਾ ਅਰਥ ਬਦਲ ਜਾਂਦਾ ਹੈ, ਕਿੰਨੇ ਲੋਕ ਇਸ ਸਮੱਸਿਆ ਤੋਂ ਪੀੜਤ ਹਨ ਕਿ ਉਹ ਜੋ ਸੋਚਦੇ ਹਨ ਉਹ ਕਹਿਣ ਦੇ ਯੋਗ ਨਹੀਂ ਹਨ ਅਤੇ ਇਹ ਆਪਣਾ ਮਹੱਤਵ ਗੁਆ ਦਿੰਦਾ ਹੈ।

ਜ਼ਿੰਦਗੀ ਦੀ ਹਰ ਸੁੰਦਰਤਾ ਅਤੇ ਸੌਖ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਰੱਖੋ, ਜਿਸ ਵਿੱਚ ਆਪਣੀਆਂ ਪਤਨੀਆਂ ਦੇ ਚਮਕਦਾਰ ਚਿਹਰੇ, ਆਪਣੇ ਬੱਚਿਆਂ ਦੀਆਂ ਮੁਸਕਰਾਹਟਾਂ, ਕਾਰੋਬਾਰ, ਆਪਣੀ ਰੋਜ਼ੀ-ਰੋਟੀ ਦੀਆਂ ਸਾਰੀਆਂ ਆਫ਼ਤਾਂ ਸ਼ਾਮਲ ਹਨ, ਅਤੇ ਸੁਚੇਤ ਹੋ ਕੇ ਫੈਸਲਾ ਲਓ, ਉਤਸ਼ਾਹ ਨਾਲ ਨਹੀਂ। ਇੱਕ ਅਜਿਹਾ ਨੇਤਾ ਬਣਾਓ ਜਿਸਦੇ ਭਾਸ਼ਣਾਂ ਦੀ ਭਾਸ਼ਾ ਪਿੱਛੇ ਅਜਿਹਾ ਦਿਲ ਹੋਵੇ, ਜੋ ਮਨੁੱਖੀ ਜੀਵਨ ਵਿੱਚ ਬਸੰਤ ਲਿਆ ਸਕੇ, ਖਾਦ ਬਣ ਸਕੇ ਅਤੇ ਇਸਨੂੰ ਧਰਤੀ ਵਿੱਚ ਜਜ਼ਬ ਕਰ ਸਕੇ, ਜੜ੍ਹਾਂ ਨੂੰ ਮਜ਼ਬੂਤ ਕਰ ਸਕੇ, ਮਿੱਟੀ ਅਤੇ ਪਾਣੀ ਤੋਂ ਸੁੰਦਰ ਫੁੱਲ ਪੈਦਾ ਕਰ ਸਕੇ, ਅਤੇ ਆਪਣੇ ਆਪ ਨੂੰ ਤਬਾਹ ਕਰ ਸਕੇ।



PREETNAMA ਪ੍ਰੀਤਨਾਮਾ ਖਰਾ ਸੱਚ Online and Print Media

27 ਨਵੰਬਰ ਤੋਂ 03 ਦਸੰਬਰ, 2026

ਘਰ ਦੀਆਂ ਕੰਧਾਂ ਅੰਦਰ ਕੈਦ ਔਰਤ ਦੀ ਆਜ਼ਾਦੀ

ਅਸੀਂ ਇੱਕੀਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ। ਵਿਗਿਆਨ, ਤਕਨਾਲੋਜੀ ਅਤੇ ਸਿੱਖਿਆ ਦੇ ਖੇਤਰ ਵਿੱਚ ਦੁਨੀਆ ਨੇ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਔਰਤਾਂ ਵੀ ਇਨ੍ਹਾਂ ਤਬਦੀਲੀਆਂ ਦੀਆਂ ਭਾਈਵਾਲ ਬਣੀਆਂ ਹਨ। ਉਹ ਡਾਕਟਰ, ਪ੍ਰੋਫੈਸਰ, ਵਿਗਿਆਨੀ, ਪ੍ਰਸ਼ਾਸਨਿਕ ਅਧਿਕਾਰੀ ਅਤੇ ਰਾਜਨੀਤਿਕ ਆਗੂ ਬਣ ਕੇ ਉੱਚੇ ਅਹੁਦਿਆਂ ਤੱਕ ਪਹੁੰਚੀਆਂ ਹਨ। ਪਰ ਤਰੱਕੀ ਦੀ ਇਸ ਚਮਕ ਪਿੱਛੇ ਔਰਤ ਦੀ ਜ਼ਿੰਦਗੀ ਦਾ ਇੱਕ ਹੋਰ ਯਥਾਰਥ ਵੀ ਹੈ। ਜਿਹੜੀ ਔਰਤ ਬਾਹਰਲੀ ਦੁਨੀਆ ਵਿੱਚ ਆਪਣੀ ਯੋਗਤਾ ਸਾਬਤ ਕਰ ਰਹੀ ਹੈ, ਕੀ ਉਸ ਨੂੰ ਆਪਣੇ ਘਰ ਅੰਦਰ ਵੀ ਆਪਣੀ ਮਰਜ਼ੀ ਨਾਲ ਜਿਊਣ ਦੀ ਪੂਰੀ ਆਜ਼ਾਦੀ ਹੈ ?

ਅਸਲ ਵਿੱਚ, ਬਹੁਤ ਸਾਰੀਆਂ ਔਰਤਾਂ ਦੀ ਜ਼ਿੰਦਗੀ ਅਜੇ ਵੀ ਸਮਾਜ ਵੱਲੋਂ ਤੈਅ ਕੀਤੀਆਂ ਅਦਿੱਖ ਹੱਦਾਂ ਵਿੱਚ ਘਿਰੀ ਹੋਈ ਹੈ। ਇਨ੍ਹਾਂ ਹੱਦਾਂ ਵਿੱਚ ਪਹਿਲਾਂ ਹੀ ਤੈਅ ਹੁੰਦਾ ਹੈ ਕਿ ਉਸ ਨੇ ਕਿਵੇਂ ਰਹਿਣਾ ਹੈ, ਕਿਵੇਂ ਬੋਲਣਾ ਹੈ, ਕੀ ਪਹਿਨਣਾ ਹੈ, ਕਿੱਥੇ ਜਾਣਾ ਹੈ, ਕਿਸ ਨੂੰ ਮਿਲਣਾ ਹੈ ਅਤੇ ਆਪਣੀ ਜ਼ਿੰਦਗੀ ਦੇ ਕਿਹੜੇ ਫ਼ੈਸਲੇ ਲੈਣੇ ਹਨ। ਦੂਜੇ ਸ਼ਬਦਾਂ ਵਿੱਚ, ਉਸ ਨੂੰ ਆਜ਼ਾਦੀ ਤਾਂ ਦਿੱਤੀ ਜਾਂਦੀ ਹੈ, ਪਰ ਉਸ ਆਜ਼ਾਦੀ ਦੀਆਂ ਹੱਦਾਂ ਵੀ ਦੂਜਿਆਂ ਵੱਲੋਂ ਹੀ ਤੈਅ ਕੀਤੀਆਂ ਜਾਂਦੀਆਂ ਹਨ।

ਜਦੋਂ ਵੀ ਉਹ ਇਨ੍ਹਾਂ ਹੱਦਾਂ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕਦੇ ਪੇਕਾ ਪਰਿਵਾਰ, ਕਦੇ ਸਹੁਰਾ ਪਰਿਵਾਰ, ਕਦੇ ਪਤੀ ਅਤੇ ਕਈ ਵਾਰ ਬੱਚੇ ਵੀ ਉਸ ਦੇ ਸਾਹਮਣੇ ਸਵਾਲ ਬਣ ਕੇ ਖੜ੍ਹੇ ਹੋ ਜਾਂਦੇ ਹਨ। ਇਹ ਬੰਦਸ਼ਾਂ ਸਿਰਫ਼ ਘੱਟ ਪੜ੍ਹੀਆਂ-ਲਿਖੀਆਂ ਜਾਂ ਆਰਥਿਕ ਤੌਰ 'ਤੇ ਨਿਰਭਰ ਔਰਤਾਂ ਤੱਕ ਸੀਮਤ ਨਹੀਂ ਹਨ। ਉੱਚ ਸਿੱਖਿਆ ਪ੍ਰਾਪਤ, ਆਰਥਿਕ ਤੌਰ 'ਤੇ ਸਮਰੱਥ ਅਤੇ ਸਮਾਜ ਵਿੱਚ ਵੱਡੇ ਅਹੁਦਿਆਂ 'ਤੇ ਬੈਠੀਆਂ ਔਰਤਾਂ ਵੀ ਇਸ ਮਾਨਸਿਕ ਅਤੇ ਸਮਾਜਿਕ ਜਕੜ ਦਾ ਸਾਹਮਣਾ ਕਰਦੀਆਂ ਹਨ। ਉਨ੍ਹਾਂ ਦੀ ਪੇਸ਼ੇਵਰ ਪਛਾਣ ਭਾਵੇਂ ਕਿੰਨੀ ਵੀ ਵੱਡੀ ਹੋਵੇ, ਪਰਿਵਾਰਕ ਜੀਵਨ ਵਿੱਚ ਉਨ੍ਹਾਂ ਤੋਂ ਅਕਸਰ ਰਵਾਇਤੀ ਭੂਮਿਕਾਵਾਂ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਹੈ।

ਇਸ ਤੋਂ ਵੀ ਵੱਧ ਦੁਖਦਾਈ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਔਰਤਾਂ ਦੇ ਹੱਕਾਂ ਅਤੇ ਬਰਾਬਰੀ ਦੀਆਂ ਗੱਲਾਂ ਕਰਨ ਵਾਲਾ ਮਰਦ ਆਪਣੇ ਹੀ ਘਰ ਵਿੱਚ ਪਤਨੀ ਨਾਲ ਅਪਮਾਨਜਨਕ ਵਿਹਾਰ ਕਰਦਾ ਹੈ, ਉਸ ਦੀ ਕੁੱਟਮਾਰ ਕਰਦਾ ਹੈ ਜਾਂ ਉਸ ਦੇ ਪੇਕੇ ਪਰਿਵਾਰ ਨੂੰ ਨੀਵਾਂ ਦਿਖਾਉਂਦਾ ਹੈ। ਜਿਹੜਾ ਮਰਦ ਜਨਤਕ ਮੰਚਾਂ 'ਤੇ ਔਰਤ ਦੀ ਆਜ਼ਾਦੀ ਦੀ ਵਕਾਲਤ ਕਰਦਾ ਹੈ, ਜੇ ਉਹੀ ਘਰ ਦੀਆਂ ਚਾਰ ਕੰਧਾਂ ਅੰਦਰ ਉਸ ਦੀ ਆਵਾਜ਼ ਦਬਾਉਂਦਾ ਹੈ ਤਾਂ ਉਸ ਦੀ ਕਥਨੀ ਅਤੇ ਕਰਨੀ ਦਾ ਵਿਰੋਧਾਭਾਸ ਸਾਡੇ ਸਮਾਜ ਦੀ ਅਸਲੀ ਤਸਵੀਰ ਸਾਹਮਣੇ ਲਿਆਉਂਦਾ ਹੈ। ਔਰਤ ਦੀ ਬਰਾਬਰੀ ਦੀ ਵਕਾਲਤ ਸਿਰਫ਼ ਭਾਸ਼ਣਾਂ ਅਤੇ ਨਾਅਰਿਆਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਇਸ ਦਾ ਪ੍ਰਗਟਾਵਾ ਘਰ ਦੇ ਰੋਜ਼ਾਨਾ ਵਿਹਾਰ ਵਿੱਚ ਵੀ ਹੋਣਾ ਚਾਹੀਦਾ ਹੈ।

ਇਸ ਅਸਮਾਨਤਾ ਦਾ ਇੱਕ ਹੋਰ ਅਹਿਮ ਪੱਖ ਘਰ ਦੀ ਮਲਕੀਅਤ ਅਤੇ ਆਰਥਿਕ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਜਿਹੜੀ ਔਰਤ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਘਰ ਬਣਾਉਣ, ਸੰਭਾਲਣ ਅਤੇ ਪਰਿਵਾਰ ਪਾਲਣ ਵਿੱਚ ਲਗਾ ਦਿੰਦੀ ਹੈ, ਕੀ ਉਸ ਦਾ ਉਸ ਘਰ ਵਿੱਚ ਬਰਾਬਰ ਦਾ ਮਲਕੀ ਹੱਕ ਵੀ ਹੈ ? ਅਕਸਰ ਘਰ ਦੀਆਂ ਜ਼ਿੰਮੇਵਾਰੀਆਂ ਉਸ ਦੇ ਹਿੱਸੇ ਆਉਂਦੀਆਂ ਹਨ, ਪਰ ਜਾਇਦਾਦ ਅਤੇ ਵੱਡੇ ਆਰਥਿਕ ਫ਼ੈਸਲਿਆਂ ਵਿੱਚ ਉਸ ਦੀ ਭਾਗੀਦਾਰੀ ਨਹੀਂ ਹੁੰਦੀ। ਉਹ ਘਰ ਦੀ ਦੇਖਭਾਲ ਕਰਨ ਵਾਲੀ ਤਾਂ ਹੁੰਦੀ ਹੈ, ਪਰ ਉਸ ਘਰ ਦੀ ਮਲਕੀਅਤ ਦੇ ਕਾਨੂੰਨੀ ਹੱਕ ਤੋਂ ਦੂਰ ਰਹਿ ਜਾਂਦੀ ਹੈ।

ਸਰਕਾਰੀ ਅੰਕੜੇ ਵੀ ਇਸ ਅਸਮਾਨਤਾ ਵੱਲ ਧਿਆਨ ਦਿਵਾਉਂਦੇ ਹਨ। ©68♥-5 ਦੇ ਅੰਕੜਿਆਂ ਅਨੁਸਾਰ 15 ਤੋਂ 49 ਸਾਲ ਉਮਰ ਦੀਆਂ 42.3 ਫ਼ੀਸਦੀ ਔਰਤਾਂ ਕੋਲ ਘਰ ਜਾਂ ਜ਼ਮੀਨ ਦੀ ਇਕੱਲੀ ਜਾਂ ਸਾਂਝੀ ਮਲਕੀਅਤ ਸੀ, ਜਦਕਿ ਮਰਦਾਂ ਵਿੱਚ ਇਹ ਅੰਕੜਾ 60.1 ਫ਼ੀਸਦੀ ਸੀ। ਇਹ ਅੰਕੜੇ ਦੱਸਦੇ ਹਨ ਕਿ ਆਰਥਿਕ ਅਤੇ ਜਾਇਦਾਦੀ ਅਧਿਕਾਰਾਂ ਦੇ ਮਾਮਲੇ ਵਿੱਚ ਅਜੇ ਵੀ ਲਿੰਗਕ ਪਾੜਾ ਮੌਜੂਦ ਹੈ।

ਔਰਤ ਦੀ ਮਿਹਨਤ ਦਾ ਇੱਕ ਵੱਡਾ ਹਿੱਸਾ ਅਜਿਹਾ ਹੈ ਜਿਸ ਦੀ ਨਾ ਤਨਖ਼ਾਹ ਮਿਲਦੀ ਹੈ ਅਤੇ ਨਾ ਹੀ ਉਸ ਨੂੰ ਅਕਸਰ ਕੰਮ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਸਵੇਰੇ ਉੱਠ ਕੇ ਘਰ ਦੇ ਕੰਮ ਨਿਪਟਾਉਣੇ, ਖਾਣਾ ਬਣਾਉਣਾ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਕਰਨੀ, ਸਫ਼ਾਈ ਕਰਨੀ ਅਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨਾ ਉਸ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ। ਜੇ ਉਹ ਨੌਕਰੀ ਵੀ ਕਰਦੀ ਹੈ ਤਾਂ ਘਰ ਪਰਤਣ ਤੋਂ ਬਾਅਦ ਉਸ ਦੀ ਦੂਜੀ ਡਿਊਟੀ ਸ਼ੁਰੂ ਹੋ ਜਾਂਦੀ ਹੈ।

ਭਾਰਤ ਦੇ ਸਮਾਂ-ਵਰਤੋਂ ਸਰਵੇਖਣ 2024 ਅਨੁਸਾਰ ਘਰੇਲੂ ਮੈਂਬਰਾਂ ਲਈ ਬਿਨਾਂ ਤਨਖ਼ਾਹ ਵਾਲੇ ਘਰੇਲੂ ਕੰਮ ਕਰਨ ਵਾਲੀਆਂ ਔਰਤਾਂ ਨੇ ਔਸਤਨ 289 ਮਿੰਟ ਪ੍ਰਤੀ ਦਿਨ ਇਸ ਕੰਮ ਵਿੱਚ ਲਗਾਏ, ਜਦਕਿ ਇਸੇ ਤਰ੍ਹਾਂ ਦੇ ਕੰਮ ਕਰਨ ਵਾਲੇ ਮਰਦਾਂ ਦਾ ਔਸਤ ਸਮਾਂ 88 ਮਿੰਟ ਸੀ। ਇਹ ਅੰਕੜਾ ਸਿਰਫ਼ ਸਮੇਂ ਦਾ ਫ਼ਰਕ ਨਹੀਂ ਦਿਖਾਉਂਦਾ, ਸਗੋਂ ਘਰ ਦੀ ਜ਼ਿੰਮੇਵਾਰੀ ਦੀ ਅਸਮਾਨ ਵੰਡ ਨੂੰ ਵੀ ਸਾਹਮਣੇ ਲਿਆਉਂਦਾ ਹੈ।

ਮਰਦ ਲਈ ਕੰਮ ਤੋਂ ਬਾਅਦ ਵਿਹਲਾ ਸਮਾਂ ਉਸ ਦਾ ਆਪਣਾ



ਸਮਾਂ ਹੋ ਸਕਦਾ ਹੈ, ਪਰ ਔਰਤ ਲਈ ਕੰਮ ਤੋਂ ਬਾਅਦ ਵੀ ਕੰਮ ਹੀ ਉਡੀਕ ਕਰਦੇ ਹਨ। ਉਸ ਦੀ ਛੁੱਟੀ ਦਾ ਕੋਈ ਨਿਸ਼ਚਿਤ ਦਿਨ ਨਹੀਂ ਅਤੇ ਨਾ ਹੀ ਆਰਾਮ ਦਾ ਕੋਈ ਪੱਕਾ ਸਮਾਂ। ਪਰਿਵਾਰ ਦੇ ਹਰ ਮੈਂਬਰ ਦੇ ਆਰਾਮ ਦਾ ਧਿਆਨ ਰੱਖਣ ਵਾਲੀ ਔਰਤ ਦੇ ਆਪਣੇ ਆਰਾਮ ਦੀ ਜ਼ਿੰਮੇਵਾਰੀ ਕੌਣ ਲੈਂਦਾ ਹੈ ? ਘਰ ਦੇ ਕੰਮਾਂ ਨੂੰ ਸਿਰਫ਼ ਔਰਤ ਦੀ ਕੁਦਰਤੀ ਜ਼ਿੰਮੇਵਾਰੀ ਸਮਝਣ ਦੀ ਬਜਾਏ ਪਰਿਵਾਰ ਦੇ ਸਾਂਝੇ ਫ਼ਰਜ਼ ਵਜੋਂ ਦੇਖਣ ਦੀ ਲੋੜ ਹੈ।

ਜਗਰੂਪ ਕੌਰ 7009529882

ਘਰੇਲੂ ਅਸਮਾਨਤਾ ਦਾ ਇੱਕ ਗੰਭੀਰ ਰੂਪ ਹਿੰਸਾ ਅਤੇ ਮਾਨਸਿਕ ਤੰਗ-ਪ੍ਰੇਸ਼ਾਨੀ ਵੀ ਹੈ। ਹਰ ਹਿੰਸਾ ਸਰੀਰਕ ਨਹੀਂ ਹੁੰਦੀ। ਕਿਸੇ ਔਰਤ ਨੂੰ ਵਾਰ-ਵਾਰ ਨੀਵਾਂ ਦਿਖਾਉਣਾ, ਉਸ ਦੀ ਰਾਇ ਨੂੰ ਮਹੱਤਵ ਨਾ ਦੇਣਾ, ਉਸ ਨੂੰ ਆਪਣੇ ਮਾਪਿਆਂ ਜਾਂ ਦੋਸਤਾਂ ਨਾਲ ਮਿਲਣ ਤੋਂ ਰੋਕਣਾ, ਪੈਸੇ ਲਈ ਦੂਜਿਆਂ 'ਤੇ ਨਿਰਭਰ ਰੱਖਣਾ ਜਾਂ ਹਰ ਫ਼ੈਸਲੇ ਲਈ ਇਜਾਜ਼ਤ ਲੈਣ ਵਾਸਤੇ ਮਜਬੂਰ ਕਰਨਾ ਵੀ ਉਸ ਦੀ ਆਜ਼ਾਦੀ ਨੂੰ ਸੀਮਤ ਕਰਦਾ ਹੈ। ਕਈ ਵਾਰ ਇਹ ਸਭ ਕੁਝ ਪਰਿਵਾਰ ਦੀ ਇੱਜ਼ਤ, ਰਵਾਇਤ ਜਾਂ ਅਨੁਸ਼ਾਸਨ ਦੇ ਨਾਂ 'ਤੇ ਕੀਤਾ ਜਾਂਦਾ ਹੈ।

©68♥-5 ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 18 ਤੋਂ 49 ਸਾਲ ਉਮਰ ਦੀਆਂ 29.3 ਫ਼ੀਸਦੀ ਵਿਆਹੀਆਂ ਰਹਿ ਚੁੱਕੀਆਂ ਔਰਤਾਂ ਨੇ ਸਰੀਰਕ ਜਾਂ ਜਿਨਸੀ ਪਤੀ-ਪਤਨੀ ਹਿੰਸਾ ਦਾ ਸਾਹਮਣਾ ਕੀਤਾ ਸੀ। ਇਹ ਅੰਕੜਾ ਸਾਨੂੰ ਦੱਸਦਾ ਹੈ ਕਿ ਘਰ ਨੂੰ ਸੁਰੱਖਿਆ ਅਤੇ ਸਹਾਰੇ ਦੀ ਥਾਂ ਬਣਾਉਣ ਲਈ ਅਜੇ ਲੰਮਾ ਸਮਾਜਿਕ ਸਫ਼ਰ ਤੈਅ ਕਰਨਾ ਬਾਕੀ ਹੈ।

ਔਰਤ ਦੀ ਆਜ਼ਾਦੀ ਦਾ ਅਰਥ ਸਿਰਫ਼ ਨੌਕਰੀ ਕਰਨ ਜਾਂ ਘਰ ਤੋਂ ਬਾਹਰ ਜਾਣ ਦੀ ਇਜਾਜ਼ਤ ਮਿਲਣਾ ਨਹੀਂ ਹੈ। ਉਸ ਨੂੰ ਆਪਣੇ ਦੋਸਤਾਂ ਨਾਲ ਮਿਲਣ, ਆਪਣੀਆਂ ਰੁਚੀਆਂ ਪੂਰੀਆਂ ਕਰਨ, ਆਪਣੇ ਲਈ ਸਮਾਂ ਕੱਢਣ, ਆਪਣੀ ਕਮਾਈ ਬਾਰੇ ਫ਼ੈਸਲਾ ਕਰਨ ਅਤੇ ਪਰਿਵਾਰਕ ਮਾਮਲਿਆਂ ਵਿੱਚ ਬਰਾਬਰ ਦੀ ਰਾਇ ਰੱਖਣ ਦਾ ਹੱਕ ਵੀ ਹੋਣਾ ਚਾਹੀਦਾ ਹੈ। ਉਸ ਦੀ ਆਪਣੀ ਪਛਾਣ ਸਿਰਫ਼ ਕਿਸੇ ਦੀ ਧੀ, ਪਤਨੀ ਜਾਂ ਮਾਂ ਹੋਣ ਤੱਕ ਸੀਮਤ ਨਹੀਂ ਕੀਤੀ ਜਾ ਸਕਦੀ। ਉਹ ਆਪਣੇ ਆਪ ਵਿੱਚ ਇੱਕ ਸੁਤੰਤਰ ਵਿਅਕਤੀ ਹੈ, ਜਿਸ ਦੀਆਂ ਆਪਣੀਆਂ ਇੱਛਾਵਾਂ, ਸੁਪਨੇ ਅਤੇ ਲੋੜਾਂ ਹਨ। ਔਰਤ ਦੀ ਆਜ਼ਾਦੀ ਨੂੰ ਮਰਦ ਦੇ ਵਿਰੋਧ ਵਜੋਂ ਦੇਖਣਾ ਵੀ ਗ਼ਲਤ ਹੈ। ਸਵਾਲ ਕਿਸੇ ਇੱਕ ਲਿੰਗ ਨੂੰ ਦੋਸ਼ੀ ਠਹਿਰਾਉਣ ਦਾ ਨਹੀਂ, ਸਗੋਂ ਉਸ ਸੋਚ ਅਤੇ ਵਿਵਸਥਾ ਨੂੰ ਬਦਲਣ ਦਾ ਹੈ ਜੋ ਘਰ ਦੀਆਂ ਜ਼ਿੰਮੇਵਾਰੀਆਂ ਔਰਤ ਦੇ ਹਿੱਸੇ ਅਤੇ ਅਧਿਕਾਰ ਮਰਦ ਦੇ ਹਿੱਸੇ ਕਰ ਦਿੰਦੀ ਹੈ। ਬਰਾਬਰੀ ਦਾ ਮਤਲਬ ਹੈ ਕਿ ਘਰ ਦੇ ਕੰਮ ਸਾਂਝੇ ਹੋਣ, ਆਰਥਿਕ ਫ਼ੈਸਲਿਆਂ ਵਿੱਚ ਦੋਵਾਂ ਦੀ ਭਾਗੀਦਾਰੀ ਹੋਵੇ, ਜਾਇਦਾਦੀ ਹੱਕਾਂ ਦਾ ਸਤਿਕਾਰ ਕੀਤਾ ਜਾਵੇ ਅਤੇ ਕਿਸੇ ਦੀ ਨਿੱਜੀ ਆਜ਼ਾਦੀ ਨੂੰ ਪਰਿਵਾਰ ਦੀ ਇੱਜ਼ਤ ਦੇ ਨਾਂ 'ਤੇ ਕੁਚਲਿਆ ਨਾ ਜਾਵੇ। ਔਰਤਾਂ ਦੀਆਂ ਕਾਮਯਾਬੀਆਂ ਅਤੇ ਉੱਚੇ ਅਹੁਦਿਆਂ ਨੂੰ ਹੀ ਸਮਾਜ ਦੀ ਤਰੱਕੀ ਦਾ ਪੈਮਾਨਾ ਨਹੀਂ ਬਣਾਇਆ ਜਾ ਸਕਦਾ। ਅਸਲ ਤਰੱਕੀ ਤਾਂ ਉਦੋਂ ਹੋਵੇਗੀ ਜਦੋਂ ਔਰਤ ਨੂੰ ਘਰ ਤੋਂ ਬਾਹਰ ਆਪਣੀ ਪਛਾਣ ਬਣਾਉਣ ਦੇ ਨਾਲ-ਨਾਲ ਘਰ ਦੇ ਅੰਦਰ ਵੀ ਆਪਣੀ ਗੱਲ ਕਹਿਣ, ਫ਼ੈਸਲੇ ਲੈਣ, ਆਪਣੀ ਮਿਹਨਤ ਦੀ ਕਦਰ ਪਾਉਣ ਅਤੇ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਊਣ ਦਾ ਬਰਾਬਰ ਦਾ ਹੱਕ ਮਿਲੇਗਾ। ਜਿਸ ਦਿਨ ਘਰ ਦੀਆਂ ਕੰਧਾਂ ਔਰਤ ਦੀ ਆਜ਼ਾਦੀ ਦੀਆਂ ਹੱਦਾਂ ਬਣਨ ਦੀ ਬਜਾਏ ਉਸ ਦੀ ਸੁਰੱਖਿਆ, ਸਤਿਕਾਰ ਅਤੇ ਬਰਾਬਰੀ ਦਾ ਆਧਾਰ ਬਣਨਗੀਆਂ, ਉਸ ਦਿਨ ਹੀ ਸਮਾਜ ਦੀ ਤਰੱਕੀ ਅਰਥਪੂਰਨ ਹੋਵੇਗੀ।

ਕਰੋੜਾਂ ਦਿਲਾਂ ਦੀ ਧੜਕਣ 'ਮਜ਼ਾਕ ਰਾਤ' ਅਤੇ ਇਮਰਾਨ ਅਸ਼ਰਫ਼....

ਹਾਸੇ ਨਾਲ ਜੁੜਦੀ ਦਿਲਾਂ ਦੀ ਸਾਂਝ...

ਲੇਖਕ ਸ਼ਿੰਦਰ ਸਿੰਘ ਮੀਰਪੁਰੀ 5592850841

– ਅੱਜ ਦੀ ਦੌੜ ਵਾਲੀ ਜ਼ਿੰਦਗੀ ਵਿੱਚ ਇਨਸਾਨ ਕੋਲੋਂ ਹਾਸੇ ਦੇ ਪਲ ਗੁਾਚਦੇ ਜਾ ਰਹੇ ਹਨ ਬਹੁਤ ਕੁਝ ਕਰਨ ਤੋਂ ਬਾਅਦ ਵੀ ਹਾਸਾ ਕਿਤੇ ਵਰਿਆਂ ਬਾਅਦ ਨਸੀਬ ਹੁੰਦਾ ਵਿਖਾਈ ਦਿੰਦਾ ਹੈ । ਇਸ ਦੇ ਚਲਦਿਆਂ ਜ਼ਿੰਦਗੀ ਦੀ ਭੱਜ ਦੌੜ ਅਤੇ ਚਿੰਤਾਵਾਂ ਵਿਚਕਾਰ ਹਾਸੇ ਦੇ ਕੁਝ ਪਲ ਮਨ ਨੂੰ ਹਲਕਾ ਕਰ ਦਿੰਦੇ ਹਨ ਪਰ ਹੁਣ ਬਹੁਤ ਕੁਝ ਇਸ ਤਰ੍ਹਾਂ ਦਾ ਵੀ ਸਾਡੇ ਕੋਲੋਂ ਦੂਰ ਹੋ ਰਿਹਾ ਹੈ ਟੈਲੀਵਿਜ਼ਨ ਜਗਤ ਨੂੰ ਕਿੰਨੇ ਕੁ ਲੋਕ ਵੇਖਦੇ ਹਨ ਇਹ ਵੀ ਸੋਚਣ ਯੋਗ ਵਿਸ਼ਾ ਹੈ । ਟੈਲੀਵਿਜ਼ਨ ਦਾ ਚੰਗਾ ਮਨੋਰੰਜਨ ਸਾਨੂੰ ਹਸਾਉਣ ਦੇ ਨਾਲ ਲੋਕਾਂ ਦੀਆਂ ਗੱਲਾਂ ਸੁਣਨ ਅਤੇ ਉਨ੍ਹਾਂ ਦੇ ਤਜਰਬਿਆਂ ਨੂੰ ਸਮਝਣ ਦਾ ਮੌਕਾ ਵੀ ਦਿੰਦਾ ਹੈ । ਕੁਝ ਪ੍ਰੋਗਰਾਮ ਹੁੰਦੇ ਨੇ ਜੋ ਇਤਿਹਾਸ ਬਣ ਜਾਂਦੇ ।

ਇਸੇ ਸੰਦਰਭ ਵਿੱਚ ਪਾਕਿਸਤਾਨ ਦੇ ਦੁਨੀਆ ਟੀਵੀ ਦਾ ਪ੍ਰੋਗਰਾਮ "ਮਜ਼ਾਕ ਰਾਤ" ਇੱਕ ਜ਼ਿਕਰਯੋਗ ਨਾਂ ਹੈ । ਇਮਰਾਨ ਅਸ਼ਰਫ਼ ਦੀ ਮੇਜ਼ਬਾਨੀ ਹੇਠ ਇਸ ਦੇ ਦੂਜੇ ਸੀਜ਼ਨ ਦੀ ਸ਼ੁਰੂਆਤ 14 ਅਗਸਤ 2023 ਨੂੰ ਹੋਈ ਸੀ । ਅਸਲ ਵਿੱਚ ਕਲਾਕਾਰ ਉਹ ਹੁੰਦਾ ਹੈ ਜੋ ਲੋਕਾਂ ਦੀ ਗੱਲ ਕਰੇ ਅਤੇ ਲੋਕ ਤੱਥਾਂ ਨੂੰ ਇਸ ਕਰਕੇ ਆਪਣੀ ਕਲਾਕਾਰੀ ਦਾ ਜਾਦੂ ਕਾਇਮ ਰੱਖੇ । ਇੱਕ ਹਾਸੇ ਦੇ ਪ੍ਰੋਗਰਾਮ ਵਿੱਚ ਮੇਜ਼ਬਾਨ ਦੀ ਜ਼ਿੰਮੇਵਾਰੀ ਸਿਰਫ਼ ਸਵਾਲ ਪੁੱਛਣ ਤੱਕ ਸੀਮਤ ਨਹੀਂ ਹੁੰਦੀ । ਮਹਿਮਾਨ ਨੂੰ ਗੱਲ ਕਰਨ ਦਾ ਮੌਕਾ ਦੇਣਾ, ਸਾਥੀ ਕਲਾਕਾਰਾਂ ਨਾਲ ਤਾਲਮੇਲ ਰੱਖਣਾ ਅਤੇ ਗੱਲਬਾਤ ਦਾ ਮਾਹੌਲ ਸੁਖਾਵਾਂ ਬਣਾਉਣਾ ਵੀ ਉਸ ਦੀ ਕਲਾ ਦਾ ਹਿੱਸਾ ਹੁੰਦਾ ਹੈ । ਅਜਿਹੇ ਕਲਾਕਾਰ ਸਦੀਆਂ ਬਾਅਦ ਪੈਦਾ ਹੁੰਦੇ ਹਨ । ?? ਇਮਰਾਨ ਅਸ਼ਰਫ਼ ਬਾਰੇ ਲਿਖਦਿਆਂ ਮੇਜ਼ਬਾਨੀ ਦੇ ਇਸ ਪੱਖ ਦੀ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ । ਉਨ੍ਹਾਂ ਨੂੰ ਕਰਾਚੀ ਵਿੱਚ ਹੋਏ ਪੀਬੀਸੀਐੱਫ ਨੇਸ਼ਨਜ਼ ਲੀਡਰਜ਼ ਅਵਾਰਡ ਸਮਾਗਮ ਵਿੱਚ ਸਰਵੋਤਮ ਮੇਜ਼ਬਾਨ ਦਾ ਸਨਮਾਨ ਵੀ ਮਿਲਿਆ । ਮੇਰੀ ਨਜ਼ਰ ਵਿੱਚ ਹਾਸੇ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਉਸ ਦੀ ਮਰਿਆਦਾ ਹੈ । ਅਜਿਹਾ ਮਜ਼ਾਕ ਜੋ ਕਿਸੇ ਦੀ ਗ਼ਰੀਬੀ, ਸਰੀਰਕ ਬਣਤਰ, ਬਿਮਾਰੀ ਜਾਂ ਮਜਬੂਰੀ ਨੂੰ ਨਿਸ਼ਾਨਾ ਬਣਾਏ, ਕਿਸੇ ਦੇ ਦਿਲ ਨੂੰ ਠੇਸ ਪਹੁੰਚਾ ਸਕਦਾ ਹੈ। ਕਲਾਕਾਰ ਦੀ ਅਸਲ ਕਾਬਲੀਅਤ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਉਹ ਕਿਸੇ ਦੀ ਇੱਜ਼ਤ ਕਾਇਮ ਰੱਖਦਿਆਂ ਦਰਸ਼ਕਾਂ ਨੂੰ ਹਸਾਉਂਦਾ ਹੈ ।"ਮਜ਼ਾਕ ਰਾਤ" ਵਰਗੇ ਮੰਚਾਂ ਕੋਲ ਮਨੋਰੰਜਨ ਦੇ ਨਾਲ ਆਪਸੀ ਸਤਿਕਾਰ ਨੂੰ ਉਤਸ਼ਾਹਿਤ ਕਰਨ ਦਾ ਵੀ ਮੌਕਾ ਹੁੰਦਾ ਹੈ । ਕਲਾਕਾਰ ਉਹ ਹੁੰਦਾ ਹੈ ਜੋ ਲੋਕਾਂ ਦੀ ਗੱਲ ਕਰੇ ਕਰੋੜਾਂ ਲੋਕ ਉਸਨੂੰ ਵੇਖਦੇ ਹਨ ਇਹ ਵੀ ਵੱਡੀ ਗੱਲ ਹੈ ।

ਜਦੋਂ ਗੱਲਬਾਤ ਵਿੱਚ ਅਪਣਾਪਾ ਅਤੇ ਸੁਣਨ ਦਾ ਸਲੀਕਾ ਹੋਵੇ, ਤਾਂ ਵੱਖਰੇ ਪਿਛੋਕੜ ਵਾਲੇ ਲੋਕ ਵੀ ਇੱਕ ਦੂਜੇ ਦੇ ਨੇੜੇ ਆ ਸਕਦੇ ਹਨ ।ਹਾਸੇ ਦੀ ਉਹ ਘੜੀ ਸਭ ਤੋਂ ਸੁਹਣੀ ਹੈ ਜਿਸ ਵਿੱਚ ਹੱਸਣ ਵਾਲੇ ਦੇ ਨਾਲ ਉਹ ਵਿਅਕਤੀ ਵੀ ਮੁਸਕਰਾਏ ਜਿਸ ਨਾਲ ਮਜ਼ਾਕ ਕੀਤਾ ਜਾ ਰਿਹਾ ਹੋਵੇ। ਅਜਿਹਾ ਮਨੋਰੰਜਨ ਮਨ ਨੂੰ ਖ਼ੁਸ਼ੀ ਅਤੇ ਰਿਸ਼ਤਿਆਂ ਨੂੰ ਨਿੱਘ ਦਿੰਦਾ ਹੈ । ਬਹੁਤ ਘੱਟ ਕਲਾਕਾਰ ਹੁੰਦੇ ਹਨ ਜੋ ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰਦੇ ਹਨ ਨਹੀਂ ਤਾਂ ਅੱਜ ਦੁਨੀਆਂ ਦੇ ਅੰਦਰ ਕੱਚਘਰੜ ਕਮੇਡੀ ਨੂੰ ਹੀ ਮੁੱਖ ਮੰਨਿਆ ਜਾਂਦਾ ਹੈ । ਪਿਛਲੇ ਲੰਬੇ ਸਮੇਂ ਤੋਂ ਜੋ ਕੁਝ ਸਾਡੇ ਸਮਾਜ ਦੇ ਅੰਦਰ ਹੋ ਰਿਹਾ ਹੈ ਉਸ ਦਾ ਇੱਕ ਹਿੱਸਾ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 382 | Website: www.preetnama.com Email preetnamausa@gmail.com | 27 NOV TO 03 DEC., 2026



ਪ੍ਰੀਤ ਫੁਲਵਾੜੀ

ਕਵਿਤਾ

ਨਸ਼ਾ ਕਰਨ ਵਾਲਿ ?ਓ ਕੋਈ ਅਕਲ ਵਾਲਾ ? ਕੰਮ ਕਰੋ,
ਇਹ ਸਿਹਤ ਲਈ ਹਾਨੀਕਾਰਕ, ਲਿਖਿਆ ਕਿਤਾਬਾਂ 'ਚ ਪੜ੍ਹੋ,
ਆਪਣੇਂ ਮਾਤਾ-ਪਿਤਾ ਦੇ ਕਮਾਏ ਹੋਏ ਪੈਸਿਆਂ ਨਾਲ ?,
ਨਸ਼ਾ ਖਰੀਦਣ ਲਈ ਆਪਣੀ ਜੇਬ ਨਾਂ ਭਰੋ,
ਆਪਣੇਂ ਦੇਸ ਦਾ ਕਾਨੂੰਨ ਵੀ ਇਸ ਦੀ ਇਜਾਜ਼ਤ ਨਹੀਂ ਦਿੰਦਾ,
ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਨੂੰਨ ਤੋਂ ਡਰੋ,
ਜਿੰਨ੍ਹਾਂ ਲੋਕਾਂ ਨੂੰ ਇਸ ਦੀ ਬੁਰੀ ਆਦਤ ਪੈ ਗਈ ਹੈ,
ਉਹਨਾਂ ਲੋਕਾਂ ਤੇ ਬੁਰੀ ਸੰਗਤ ਵਿੱਚ ਇੱਕ ਪਲ ਵੀ ਨਾਂ ਖੜ੍ਹੋ,
ਜੇਕਰ ਤੁਹਾਡਾ ਯਾਰ,ਮਿੱਤਰ ਨਸ਼ਾ ਕਰਨ ਲਈ ਫੜਾਵੇ,
ਤਾਂ 'ਦਿਲਸ਼ਾਨ' ਉਸ ਨੂੰ ਨਾਂਹ ਕਰ ਦਿਓ, ਨਾਂ ਫੜ੍ਹੋ।

ਦਿਲਸ਼ਾਨ,
ਮੋਬਾਈਲ -99143 04172

ਗੁਰੂ ਨਾਨਕ ਨੂੰ /ਕਵਿਤਾ

ਗੁਰੂ ਨਾਨਕ ਜੀ, ਤੂੰ ਕੌਡੇ ਰਾਖਸ਼ ਨੂੰ ਸੱਚ ਦਾ ਮਾਰਗ ਦਰਸਾਇਆ ਸੀ।
ਸੱਜਣ ਠੱਗ ਨੂੰ ਵੀ ਕਿਰਤ ਕਰਨਾ ਤੇ ਵੰਡ ਛਕਣਾ ਸਿਖਾਇਆ ਸੀ।
ਪਰ ਤੇਰੇ ਜਾਣ ਪਿੱਛੋਂ ਗੁਰੂ ਜੀ, ਬੜਾ ਕੁੱਝ ਬਦਲ ਗਿਆ ਹੈ ਇੱਥੇ।
ਹੱਕ ਦੀ ਖਾਣ ਵਾਲਿਆਂ ਨੂੰ ਮਾਲਕ ਭਾਗੋ ਝੁਕਾ ਰਿਹਾ ਆਪਣੇ ਅੱਗੇ।
ਮੁੜ ਫਿਰ ਰਾਜਿਆਂ ਦੀਆਂ ਜਨਮ ਦਾਤੀਆਂ ਦਾ ਅਪਮਾਨ ਹੋ ਰਿਹਾ।
ਉਨ੍ਹਾਂ ਦਾ ਅਪਮਾਨ ਰੋਕਣ ਲਈ ਇੱਥੇ ਕੋਈ ਨਹੀਂ ਦਿਸ ਰਿਹਾ।
ਇਕ, ਦੂਜੇ ਨੂੰ ਦੱਸਣ ਲਈ ਨਾਮ ਤਾਂ ਬਥੇਰਾ ਜਪਿਆ ਜਾ ਰਿਹਾ।
ਪਰ ਨਿਮਰਤਾ, ਚੰਗਿਆਈ ਤੇ ਸਦਾਚਾਰ ਨੂੰ ਭੁਲਾਇਆ ਜਾ ਰਿਹਾ।
ਵੱਖ, ਵੱਖ ਧਰਮਾਂ ਵਾਲੇ ਇਕ, ਦੂਜੇ ਦੀ ਜਾਨ ਦੇ ਵੈਰੀ ਬਣ ਗਏ ਨੇ।
ਉਹ ਇਕ, ਦੂਜੇ ਦੇ ਧਰਮ ਗ੍ਰੰਥਾਂ ਨੂੰ ਟਿੱਚ ਸਮਝਣ ਲੱਗ ਪਏ ਨੇ।
ਜ਼ਾਲਮਾਂ, ਪਾਪੀਆਂ ਤੇ ਝੂਠਿਆਂ ਨੂੰ ਸਿਰ ਤੇ ਚੁੱਕਿਆ ਜਾ ਰਿਹਾ।
ਰਹਿਮ-ਦਿਲਾਂ, ਈਮਾਨਦਾਰਾਂ ਤੇ ਸੱਚਿਆਂ ਨੂੰ ਖੂੰਜੇ ਲਾਇਆ ਜਾ ਰਿਹਾ।
ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਹੋ ਗਏ ਬਹੁਤ ਪੁਰਾਣੇ।
ਗਰੀਬਾਂ ਨੂੰ ਲੁੱਟ ਕੇ ਧਨ,ਦੌਲਤ ਕੱਠੀ ਕਰਨੀ ਜ਼ੋਰਾਵਰ ਜਾਣੇ।
ਤੇਰੇ ਦਰਸਾਏ ਰਸਤੇ ਤੇ ਜੇਕਰ ਚੱਲਿਆ ਨਾ ਹੁਣ ਵੀ ਮਨੁੱਖ,
ਬਣੇਗੀ ਨਰਕ ਜ਼ਿੰਦਗੀ, ਨਾ ਕੋਈ ਮਿਲਣਾ ਉਸ ਨੂੰ ਸੁੱਖ।

ਮਹਿੰਦਰ ਸਿੰਘ ਮਾਨ
ਫੋਨ 9915803554

ਪਲੀਤ ਗੰਗਾ

ਕਹਿਰ ਖੁਦਾ ਦਾ ਆਹ ਕੀ ਹੋਇਆ,
ਗੰਗਾ ਪਈ ਪੁਕਾਰੇ ॥
ਅੱਧਛੜੀਆ ਆਹ ਲੋਥਾ ਲੈ ਕੇ,
ਮੈਂ ਰੋਵਾ ਖੜੀ ਕਿਨਾਰੇ ॥
ਰਾਮਰਾਜ ਦਾ ਹਾਕਮ ਰੌਲਾ ਪਾਵੇ,
ਚੜਕੇ ਰੋਜ ਚੁਬਾਰੇ ॥
ਜਿਉਦੇ ਜੀਅ ਨਾ ਮਿਲਿਆ ਪਾਣੀ ,
ਕੀ ਚੱਟਣੇ ਗਿਰੀ ਚੁਹਾਰੇ ॥
ਪਰਜਾ ਮੋਈ ਤੋਂ ਹੱਸੇ ਸਹਿਨਸ਼ਾਹ ,
ਆ ਗਏ ਲੋਥਾ ਦੇ ਵਣਜਾਰੇ ॥
ਕਹਿੰਦੇ ਸੀ ਗੰਗਾ ਮਈਆ ਬਲਾਉਦੀ,
ਰਲਗੇ ਠੱਗ ਚੋਰ ਇਹ ਸਾਰੇ ॥
ਐਨੀ ਪਲੀਤ ਨਾਂ ਹੋਈ ਕਿਸੇ ਯੁੱਗ ,
ਜਿੰਨਾ ਤੂੰ ਕਰਤਾ ਸਰਕਾਰੇ ॥
ਕਲਮ ਰੋਈ ਜਜਬਾਤ ਵੀ ਰੋ ਪਏ ,
ਦੱਸੋ ਕੀ ਸੁਰਜੀਤ ਉਚਾਰੇ ॥
ਸੁਰਜੀਤ ਫੁਲੇੜਾ 9815533945

ਕੁਦਰਤ ਦਾ ਸੁਹੱਪਣ

ਕਿੰਨੀ ਦੂਰੋਂ ਉੱਡਕੇ ਪੰਛੀ ਦੇਸ਼
ਸਾਡੇ ਵਿੱਚ ਆਉਂਦੇ,
ਝੀਲਾਂ ਵਿੱਚ ਕਲੋਲਾਂ ਕਰਦੇ
ਫਿਰਦੇ ਨੇ ਨਸ਼ਿਆਉਂਦੇ ।
ਪਹਾੜ, ਸਮੁੰਦਰ, ਹੱਦਾਂ ਟੱਪ ਕੇ
ਆ ਜਾਦੇਂ ਬਿਨ ਬੁਲਾਏ,
ਥੋੜੇ ਦਿਨ ਰਹਿ ਕੇ ਇੱਥੇ,
ਹੋ ਜਾਣ ਫੇਰ ਪਰਾਏ।
ਵਾਤਾਵਰਨ ਸੋਹਣਾ ਬਣਾਉਦੇਂ
ਨਾਲ ਕੁਦਰਤ ਦੇ ਰਹਿੰਦੇ ?,
ਬੰਨ੍ਹ ਕਤਾਰਾਂ ਅਸਮਾਨੀ ਉੱਡਦੇ
ਸਭ ਦਾ ਮਨ ਮੋਹ ਲੈਦੇ।
ਸਾਲ ਬਾਅਦ ਆਉਦੇਂ ਇੱਥੇ
ਕਿੰਨਾਂ ਪੈਡਾ ਕਰਕੇ,
ਹਜਾਰਾਂ ਮੀਲ ਬਿਨਾਂ ਰੁਕਿਆਂ ਤੋ
ਉੱਡਾਣਾਂ ਲੰਮੀਆਂ ਭਰਦੇ।
ਰੱਬ ਤੋਂ ਸੋਹਣੇ ਰੰਗ ਰੰਗਾਏ
ਪਿਆਰ ਇੰਨਾਂ ਨੂੰ ਕਰੀਏ,
ਹਵਾ, ਪਾਣੀ ਆਪਾਂ ਸ਼ੁੱਧ ਰੱਖੀਏ
ਜ਼ਹਿਰਾਂ ਨਾਲ ਨਾ ਭਰੀਏ।
ਸ਼ਿਕਾਰੀ ਜੋ ਸ਼ਿਕਾਰ ਨੇ ਕਰਦੇ
ਉਹਨਾਂ ਨੂੰ ਸਮਝਾਈਏ,
ਪੰਛੀ ਖੁਸ਼ ਤੇ ਆਪਾਂ ਸਾਰੇ ਖੁਸ਼
ਇਹਨਾਂ ਤਾਈਂ ਬਚਾਈਏ।
'ਪੱਤੋ' ਰੁੱਸ ਨਾ ਜਾਣ ਸਾਡੇ ਨਾਲ,
ਵੇਲਾ ਹੱਥ ਨੀ ਆਉਣਾ,
ਕੁਦਰਤ ਜਦ ਤਬਾਹੀ ਕਰਦੀ
ਫੇਰ ਪੈਂਦਾ ਪਛਤਾਉਣਾ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417

ਕਵਿਤਾ

ਮੇਰੇ ਦੇਸ ਪੰਜਾਬ ਦੇ ਦਰਿਆਵਾਂ ਵਿੱਚ ਵਗਦੇ ਪਾਣੀਂ,
ਵਗਦੇ ਰਹਿਣ ਸੁੱਖ ਨਾਲ ?,
ਇਸਦੇ ਹਰ ਗ਼ਰੀਬ ਵਸਨੀਕ ਨੂੰ ਰੋਟੀ ਮਿਲ ?ਦੀ ਰਹੇ,
ਮਰੇ ਨਾਂ ਕੋਈ ਭੁੱਖ ਨਾਲ ?,
ਕਿਸੇ ਧੀ,ਭੈਣ ਦੀ ਇੱਜ਼ਤ ਨੂੰ ਨਾਂ ਦਾਗ਼ ਲੱਗੇ,
ਕਦੇ ਜ਼ਬਰਦਸਤੀ(ਬੇਅਦਬੀ)ਨਾਂ ਹੋਵੇ ਕੁੱਖ ਨਾਲ ?,
ਹਰ ਘਰ ਦੇ ਵਿਹੜੇ ਵਿੱਚ ਸੰਘਣੀ ਛਾਂ ਹੋਵੇ,
ਹਰੇ-ਭਰੇ ਰੁੱਖ ਨਾਲ ?,
ਕੰਮ ਕਰਦਿਆਂ ਕਿਸੇ ਮਜ਼ਦੂਰ ਦੀ ਬੁਰੀ ਹਾਲਤ ਨਾਂ ਹੋਵੇ, ਗਰਮੀ ਤੇ ਧੁੱਪ ਨਾਲ ?,
ਹੱਸਦਿਆਂ, ਵੱਸਦਿਆਂ ਦੀ ਹਰ ਇੱਕ ਦੀ ਅੱਖ ਸਾਫ਼ ਰਹੇ,
ਹੰਝੂ ਨਾਂ ਆਵੇ ਦੁੱਖ ਨਾਲ ?,
'ਦਿਲਸ਼ਾਨ' ਰਚਨਾਂਵਾਂ ਲਿਖਕੇ ਸਿਫ਼ਤਾਂ ਕਰਾਉਂਦਾ ਰਹੇ,
ਇਸ ਦੀ ਬੋਲੀ ਦੀ ਭੁਕ ਨਾਲ ?।

ਦਿਲਸ਼ਾਨ,
ਮੋਬਾਈਲ - 99143 04172

ਸਭ ਕੁਝ ਹੈ ਮਿਲਿਆ

ਸਭ ਕੁਝ ਹੈ ਮਿਲਿਆ ਸਾਨੂੰ ਦਿਲ ਦੀ ਕਿਤਾਬ ਵਿੱਚੋਂ,
ਕੀ ਲੱਭੇ ਲੋਕ ਭਾਲਣ ਭੈੜੀ ਸ਼ਰਾਬ ਵਿੱਚੋਂ ?
ਟਹਿਣੀ ਦੇ ਨਾਲ ਹੀ ਖੁਸ਼ਬੋ ਆਵੇ ਇਸ ਦੇ ਵਿੱਚੋਂ,
ਟਹਿਣੀ ਬਿਨਾਂ ਨਾ ਆਵੇ ਖੁਸ਼ਬੋ ਗੁਲਾਬ ਵਿੱਚੋਂ ।
ਇਸ ਨੂੰ ਇਹ ਪੜ੍ਹਦੇ ਨਾ ਕੱਲੇ ਬੈਠ ਕੇ ,ਲਾ ਕੇ ਦਿਲ ,
ਹੁੰਦੇ ਨੇ ਫੇਲ੍ਹ ਬੱਚੇ ਤਾਂ ਹੀ ਹਿਸਾਬ ਵਿੱਚੋਂ ।
ਜਦ ਉਸ ਤੋਂ ਪੁੱਛਿਆ ," ਉਹ ਕਿੱਦਾਂ ਅਮੀਰ ਬਣਿਆ ?"
ਹੰਕਾਰ ਦੀ ਬੋ ਆਈ ਉਸ ਦੇ ਜਵਾਬ ਵਿੱਚੋਂ ।
ਸੁੱਕੇ ਤਲਾਬ ਨੂੰ ਤੱਕ ਕੇ ਕਹਿਣ ਇਹ ਪਰਿੰਦੇ,
" ਸਾਨੂੰ ਮਿਲੇਗਾ ਪਾਣੀ ਕਿਹੜੇ ਤਲਾਬ ਵਿੱਚੋਂ ?"
ਸ਼ੈਤਾਨ ਨੇਤਾ ਨੂੰ ਵੇਖ ਯਾਰੋ ,ਕਿਸ ਤਰ੍ਹਾਂ ਉਹ ,
ਉਹ ਆਪ ਜਨਤਾ ਵੇਖੀ ਜਾਵੇ ਨਕਾਬ ਵਿੱਚੋਂ ।
ਦਿਲ ਵਿੱਚੋਂ ਕੱਢ ਕੇ ਨਫਰਤ ,ਸਭ ਨੂੰ ਸਮਾਨ ਸਮਝੋ ,
ਤਾਂ ਹੀ ਅਸੀਂ ਖ਼ੁਦਾ ਵੇਖਾਂਗੇ 'ਜਨਾਬ' ਵਿੱਚੋਂ ।

ਮਹਿੰਦਰ ਸਿੰਘ ਮਾਨ
ਨਵਾਂ ਸ਼ਹਿਰ (9915803554)

ਕਵਿਤਾ

ਨਸ਼ਾ ਵੇਚਣ ਵਾਲਿ ?ਓ, ਤੁਹਾਡਾ ਭਰ ਕੇ ਬੇੜਾ ਡੁੱਬੇ,
ਪੰਜਾਬ ਦੇ ਨੌਜਵਾਨ ,ਗੱਭਰੂ ਤੁਸੀਂ ਕਰ ਦਿੱਤੇ ਹਨ ਕੁੱਬੇ,
ਕਿਉਂ ਬੁਰੇ ਕੰਮ ਕਰੀ ਜਾਂਦੇ ਹੋ ਪੈਸੇ ਕਮਾਉਣ ਦੇ ਲਾਲਚ ਵਿੱਚ,
ਗ਼ਰੀਬ ਮਾਤਾ-ਪਿਤਾ ਵੇਖੋ ਰਹਿੰਦੇ ਹਨ ਕਿਹੜੀ ਹਾਲਤ ਵਿੱਚ,
ਉੱਜੜ ਜਾਂਦਾ ਹੈ ਘਰ ਜਦੋਂ ਕੋਈ ਮਾਂ ਦਾ ਪੁੱਤਰ ਨਸ਼ੇ ਨਾਲ ?ਮਰੇ,
ਹੋਸ਼ ਨਹੀਂ ਰਹਿੰਦੀ ਜਦੋਂ ਨਸ਼ਾ ਸਿਰ ਨੂੰ ਹੱਦ ਤੋਂ ਵੱਧ ਚੜ੍ਹੇ,
ਜਿਸ ਦਿਨ ਕਾਨੂੰਨ ਵਾਲਿ ?ਆਂ ਦੀ ਤੁਹਾਡੇ ਵੱਲ ਨਜ਼ਰ ਆ ਗਈ,
ਸਮਝ ਲਉ ਤੁਹਾਡੇ ਬਚਣ ਦੀ ਮੁਸ਼ਕਿਲ ਵਧਾ ਗਈ,
ਫਿਰ ਜਲਦੀ ਹੀ ਤੁਸੀਂ ਸਜ਼ਾ ਦੇ ਹੱਕਦਾਰ ਹੋਵੋਂਗੇ,
ਤੁਹਾਨੂੰ ਹੱਸਣਾ ਭੁੱਲ ਜਾਊਗਾ ਬਹੁਤ ਪਛਤਾਉਂਗੇ, ਰੋਵੋਂਗੇ,
ਜੇਕਰ ਤੁਹਾਨੂੰ ਸਜ਼ਾ ਹੋ ਗਈ ਤਾਂ ਤੁਹਾਡਾ ਟੱਬਰ ਕੀ ਕਰੂਗਾ,
ਸੰਭਲ ? ਜਾਓ ਅਜੇ ਮੌਕਾ ਹੈ, 'ਦਿਲਸ਼ਾਨ' ਇਹ ਹੀ ਕਹੂਗਾ।

ਦਿਲਸ਼ਾਨ, ਮੋਬਾਈਲ -99143 04172

ਕਵਿਤਾ

ਮੇਰੇ ਅੰਦਰ ਵੀ ਇੱਕ ਤੂਫ਼ਾਨ ਹੈ
ਮੇਰੇ ਅੰਦਰ ਵੀ ਇੱਕ ਤੂਫ਼ਾਨ ਹੈ,
ਕਈ ਸਵਾਲ ਨੇ, ਕਈ ਦੱਬੇ ਅਰਮਾਨ ਨੇ।
ਦਿਲ ਵਿੱਚ ਭਾਂਬੜ ਮੱਚਦੇ ਰਹਿੰਦੇ ਨੇ,
ਪਰ ਬੁੱਲ੍ਹ ਸਮਾਜ ਦੀਆਂ ਬੇੜੀਆਂ
ਵਿੱਚ ਜਕੜੇ ਰਹਿੰਦੇ ਨੇ।
ਕਦੇ ਬੱਚਿਆਂ ਦਾ ਮੋਹ ਰੋਕ ਲੈਂਦਾ,
ਕਦੇ ਮਾਪਿਆਂ ਦੀ ਇੱਜ਼ਤ ਦਾ ਖ਼ ?ਆਲ ਟੋਕ ਲੈਂਦਾ।
ਨਹੀਂ ਤਾਂ ਜਿਹੜੇ ਸਿਤਮ ਸੀਨੇ ਵਿੱਚ ਦਫ਼ਨ ਨੇ,
ਕਈ ਚਿਹਰੇ ਅੱਜ ਬੇਨਕਾਬ ਹੋ ਜਾਣੇ ਸਨ।
ਨਾ ਇਹ ਭਾਂਬੜ ਬੁਝਾਏ ਜਾਂਦੇ ਨੇ,
ਨਾ ਹਰ ਰੋਜ਼ ਦੇ ਸਿਤਮ ਜਰੇ ਜਾਂਦੇ ਨੇ।
ਨਾ ਬੱਚਿਆਂ ਦੇ ਸੁਪਨੇ ਰੋਲੇ ਜਾਂਦੇ ਨੇ,
ਨਾ ਆਪਣੇ ਜ਼ਖ਼ਮ ਕਿਸੇ ਨੂੰ ਦਿਖਾਏ ਜਾਂਦੇ ਨੇ।
ਅਜੀਬ ਕਸ਼ਮਕਸ਼ ਵਿੱਚ ਉਲਝੀ ਜ਼ਿੰਦਗੀ,
ਨਾ ਖੁੱਲ੍ਹ ਕੇ ਜੀ ਹੁੰਦਾ, ਨਾ ਦਰਦ ਕਹਿ ਹੁੰਦਾ।
ਜਿਨ੍ਹਾਂ ਦੇ ਚਿਹਰਿਆਂ ਪਿੱਛੇ ਕਈ ਚਿਹਰੇ ਨੇ,
ਉਨ੍ਹਾਂ ਦਾ ਸੱਚ ਦੱਸਣ ਨੂੰ ਵੀ ਦਿਲ ਡਰਦਾ ਹੈ।
ਪਰ ਸੁਣ ਲਵੋ, ਇਹ ਚੁੱਪੀ ਹਮੇਸ਼ਾ ਨਹੀਂ ਰਹਿਣੀ,
ਹਰ ਦੱਬੀ ਆਵਾਜ਼ ਨੇ ਇੱਕ ਦਿਨ ਬਾਹਰ ਆਉਣਾ ਹੈ।
ਮੈਂ ਵੀ ਇੱਕ ਔਰਤ ਹਾਂ, ਪੱਥਰ ਨਹੀਂ,
ਮੇਰੇ ਅੰਦਰ ਦਾ ਤੂਫ਼ਾਨ ਇੱਕ ਦਿਨ ਬੋਲਣਾ ਹੈ।

— ਜਗਰੂਪ

ਕੋਈ ਬੰਦਾ ਗਰੀਬ ਨਾ ਹੋਵੇ

ਕੁਰਸੀ ਦੇ ਭੁਖਿਆਂ ਨੂੰ ਹੈ ,ਸਿਰਫ਼ ਤੇ ਸਿਰਫ਼ ਕੁਰਸੀ ਹੀ ਪਿਆਰੀ।
ਕੀ ਇਹਨਾਂ ਨੇ ਹੈ ਲੈਣਾ ? ਭਾਵੇਂ ਮਰਦੀ ਤੇ ਮਰਜੇ ਦੁਨੀਆਂ ਸਾਰੀ।
ਹੋਰ ਜੇ ਕੋਈ ਕਾਲ ਪੈ ਗਿਆ, ਚੁੱਕ ਟੱਬਰ ਨੂੰ ਬਾਹਰ ਲੈ ਗਿਆ।
ਜੋ ਔਖੇ ਵੇਲੇ ਨਾਲ ਨਾ ਖੜਦੇ ,ਕਿਉਂ ਮੁੜਕੇ ਉਹ ਵਿੱਚ ਦੇਸ਼ ਦੇ ਵੜਦੇ।
ਭੋਲਿਓ ਲੋਕੋ ਵਪਾਰੀ ਤੇ ਵਪਾਰੀ ਹੁੰਦੇ ,ਕੰਮ ਕੱਢਣ ਤੇ ਉਡਾਰੀ ਹੁੰਦੇ।
ਆਪਣਾ ਤਨ ਤੇ ਹਰ ਕੋਈ ਧੋਵੇ ,ਪਰ ਇਨਸਾਨ ਤੇ ਇਨਸਾਨ ਨੂੰ ਰੋਵੇ।
ਜਾਂ ਤੇ ਰੱਬਾ ਸਭ ਬਰਾਬਰ ਕਰਦੇ ,ਜਾਂ ਕੋਈ ਬੰਦਾ ਗਰੀਬ ਨਾ ਹੋਵੇ।
ਛੱਡ ਜਖਵਾਲੀ ਸਭ ਚੱਲਦਾ ਰਹਿਣਾ ,ਬਣਦੈ ਬੜਾ ਸਿਆਣਾ ਤੈਂਨੂੰ ਲੋਕਾਂ ਕਹਿਣਾ।

ਗੁਰਪ੍ਰੀਤ ਸਿੰਘ ਜਖਵਾਲੀ
ਮੋਬਾਇਲ 98550 36444

ਨਸ਼ਿਆਂ ਦੀ ਮਾਰ

ਨਵੇਂ ਨਵੇਂ ਕਲਾਕਾਰ ਆਏ ਆ ਕੇ ਤੁਰ ਗਏ ,
ਨਸ਼ਿਆਂ 'ਚ ਪੈ ਕੇ ਬਿਸਕੁਟਾਂ ਵਾਂਗੂ ਭੁਰ ਗਏ ,
ਬੈਠੇ ਰੋਂਦੇ ਨੇ , ਹਾਏ ਉਇ ਬੈਠੇ ਰੋਂਦੇ ਨੇ ,
ਬੈਠੇ ਰੋਂਦੇ ਨੇ ਮੱਥੇ 'ਤੇ ਹੱਥ ਧਰ ਕੇ ।
ਜਿੰਨ੍ਹਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ , ਬਈ ਹੁਣ ਲੰਘ ਜਾਂਦੇ ,
ਹੁਣ ਲੰਘ ਜਾਂਦੇ ਲੋਕੀਂ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਕਰਦੇ ਸੀ ਜਿਹੜੇ ਭਲਵਾਨੀ ਕਦੇ ਗੱਡ ਕੇ ।
ਨਸ਼ਿਆਂ ਨੇ ਰੱਖ ਦਿੱਤੀ ਜਿੰਦ ਜਾਨ ਕੱਢ ਕੇ ।
ਮੁੱਠੀ ਹੱਡੀਆਂ ਦੀ , ਹਾਏ ਉਇ ਮੁੱਠੀ ਹੱਡੀਆਂ ਦੀ ,
ਮੁੱਠੀ ਹੱਡੀਆਂ ਦੀ ਰੱਖ ਦਿੱਤੇ ਕਰ ਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ ਲੋਕੀ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਜਿਹਨਾਂ ਦੀ ਸਿਆਸਤ 'ਚ ਹੁੰਦੀ ਸੀ ਚੜ੍ਹਾਈ ।
ਨਸ਼ਿਆਂ ਨੇ ਆਨ ਸ਼ਾਨ ਮਿੱਟੀ' ਚ ਮਿਲਾਈ ।
ਚੇਲੇ ਚਾਟੜੇ , ਸਾਰੇ ਹੀ ਚੇਲੇ ਚਾਟੜੇ ,
ਚੇਲੇ ਬਾਲਕੇ ਵੀ ਹੌਲ਼ੀ ਹੌਲ਼ੀ ਸਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਹੁਣ ਲੰਘ ਜਾਂਦੇ ਲੋਕੀਂ ਪਿੱਠ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਪਿੰਡਾਂ ਵਿੱਚ ਜੀਹਤੋਂ ਲੋਕ ਲੈਂਦੇ ਸੀ ਸਲਾਹਾਂ ।
ਨਸ਼ਿਆਂ ਨੇ ਖੋਹੀਆਂ ਜੋ ਸੱਜੀਆਂ ਸੀ ਬਾਹਾਂ ।
ਬਾਜੀ ਅਣਖਾਂ ਦੀ , ਲੋਕੋ ਬਾਜੀ ਅਣਖਾਂ ਦੀ ,
ਬਾਜੀ ਅਣਖਾਂ ਦੀ ਬੈਠ 'ਗੇ ਉਹ ਹਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਅੱਜ ਲੰਘ ਜਾਂਦੇ ਲੋਕੀ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਤੂਤੀ ਬੋਲਦੀ ਸੀ ।

ਜਿਹਨਾਂ ਦੀ ਇਲਾਕੇ ਵਿੱਚ ਇੱਜਤ ਹੁੰਦੀ ਸੀ ।
ਟੀਸੀ ਦੇ ਬੇਰ ਨਾ ਮੁਹੱਬਤ ਹੁੰਦੀ ਸੀ ।
ਉਹ ਅੱਜ ਫਿਰਦੇ , ਯਾਰੋ ਉਹ ਅੱਜ ਫਿਰਦੇ ,
ਉਹ ਅੱਜ ਫਿਰਦੇ ਜਮੀਨ ਵਿੱਚ ਗਰਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਅੱਜ ਲੰਘਦੇ ਪਿਆਰੇ ਪਿੱਠ ਕਰ ਕੇ ।
ਜਿਹਨਾਂ ਦੀ ਕਦੇ ਚਰਚਾ ਹੁੰਦੀ ਸੀ ।

ਜੀਹਤੋਂ ਪਰਿਵਾਰ ਜਾਨ ਵਾਰਦਾ ਸੀ ਕਦੇ ।
ਓਹਤੋਂ ਬਿਨਾਂ ਪਲ ਵੀ ਨਾ ਸਾਰਦਾ ਸੀ ਕਦੇ ।
ਗੱਲ ਸੁਣਦਾ ਨਾ , ਉਹਦੀ ਗੱਲ ਸੁਣਦਾ ਨਾ ,
ਗੱਲ ਸੁਣਦਾ ਨਾਂ ਅੱਜ ਕੋਈ ਖੜ੍ਹਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਲੰਘ ਜਾਂਦੇ ਨੇ ਬੱਚੇ ਵੀ ਪਿੱਠ ਕਰ ਕੇ ।
ਜਿਹਨਾਂ ਨੂੰ ਬਾਪੂ ਬਾਪੂ ਆਖਦੇ ਸੀ ।

ਨਸ਼ਿਆਂ ਦੀ ਮਾਰ ਜਿਹੜੇ ਟੱਬਰਾਂ 'ਤੇ ਪੈ ਗਈ ।
ਪਿੰਡ ਰੰਚਣਾਂ 'ਚੋਂ ਚੁੱਕ ਸਿਵਿਆਂ 'ਚ ਲੈ ਗਈ ।
ਘਰੇਂ ਔਰਤਾਂ , ਲੋਕੋ ਉਇ ਘਰ 'ਚ ਔਰਤਾਂ ,
ਘਰ 'ਚ ਔਰਤਾਂ ਰਹਿ 'ਗੀਆਂ ਮਰ ਕੇ ।
ਜਿੰਨਾਂ ਨੂੰ ਹੱਥੀਂ ਛਾਵਾਂ ਹੁੰਦੀਆਂ ਸੀ ,
ਲੰਘ ਜਾਂਦੇ ਯਮਦੂਤ ਪਿੱਠ ਕਰ ਕੇ ।
ਜਿਹਨਾਂ ਦਾ ਕਦੇ ਨਾਂ ਚਲਦਾ ਸੀ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।
ਪੰਜਾਬ 148024

ਰੇਤਲੀ ਜਮੀਨ

ਮਿੱਠੇ ਪਾਣੀਆ ਵੇ ਘੁੱਟ,
ਕਿਉਂ ਨਮਕੀਨ ਲੱਗਦੀ
ਜਰਖੇਜ ਮਿੱਟੀ,
ਕਿਉਂ ਰੇਤਲੀ ਜਮੀਨ ਲੱਗਦੀ
ਸ਼ਹਿਰ ਫੁੱਲਾ ਦੇ,
ਕਿਉਂ ਜ਼ਿੰਦਗੀ ਸੰਗੀਨ ਲੱਗਦੀ
ਜਮੀਰ ਮਹਿੰਗੀਆ ਪੁਸ਼ਾਕਾ ਦੀ,
ਕਿਉਂ ਮਸਕੀਨ ਲੱਗਦੀ
ਮੇਰੇ ਕੋਲ ਬੈਠੇ ਹੁਸਨ ਤੇਰਾ,
ਮੇਰਾ ਮਨਭਾਉਂਦਾ ਨਹੀਂ
ਆ ਖਿਆਲਾਂ ਚ,
ਕਿਉਂ ਹਕੀਕਤੋ ਹਸੀਨ ਲੱਗਦੀ

ਸਤਵਿੰਦਰ ਸਿੰਘ ਭੁੱਲਰ

ਪਲੀਤ ਗੰਗਾ

ਕਹਿਰ ਖੁਦਾ ਦਾ ਆਹ ਕੀ ਹੋਇਆ,
ਗੰਗਾ ਪਈ ਪੁਕਾਰੇ ॥
ਅੱਧਛੜੀਆ ਆਹ ਲੋਥਾ ਲੈ ਕੇ,
ਮੈਂ ਰੋਵਾ ਖੜੀ ਕਿਨਾਰੇ ॥
ਰਾਮਰਾਜ ਦਾ ਹਾਕਮ ਰੌਲਾ ਪਾਵੇ,
ਚੜਕੇ ਰੋਜ ਚੁਬਾਰੇ ॥
ਜਿਉਦੇ ਜੀਅ ਨਾ ਮਿਲਿਆ ਪਾਣੀ ,
ਕੀ ਚੱਟਣੇ ਗਿਰੀ ਚੁਹਾਰੇ ॥
ਪਰਜਾ ਮੋਈ ਤੋਂ ਹੱਸੇ ਸਹਿਨਸ਼ਾਹ ,
ਆ ਗਏ ਲੋਥਾ ਦੇ ਵਣਜਾਰੇ ॥
ਕਹਿੰਦੇ ਸੀ ਗੰਗਾ ਮਈਆ ਬਲਾਉਦੀ,
ਰਲਗੇ ਠੱਗ ਚੋਰ ਇਹ ਸਾਰੇ ॥
ਐਨੀ ਪਲੀਤ ਨਾਂ ਹੋਈ ਕਿਸੇ ਯੁੱਗ ,
ਜਿੰਨਾ ਤੂੰ ਕਰਤਾ ਸਰਕਾਰੇ ॥
ਕਲਮ ਰੋਈ ਜਜਬਾਤ ਵੀ ਰੋ ਪਏ ,
ਦੱਸੋ ਕੀ ਸੁਰਜੀਤ ਉਚਾਰੇ ॥

ਸੁਰਜੀਤ ਫੁਲੇੜਾ
9815533945

ਇਹ ਦਿਨ ਵੀ ਰਹਿਣੇ ਯਾਦ

ਦਿਨ ਹਾ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 382 | Website: www.preetnama.com Email preetnamausa@gmail.com | 27 NOV TO 03 DEC., 2026

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com